KING 73 RENO LTD.
FREE ESTIMATES 22 ਸਾਲ ਦਾ ਤਰਜਬਾ
WE DO ALL KIND OF RENOVATION
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ
*ਫਰੇਮਿੰਗ *ਡਰਾਈਵਾਲ *ਪੇਂਟਿੰਗ *ਟਾਈਲਾਂ *ਸਨਡੈੱਕ ਦੀ ਰਿਪੇਅਰ *ਲੈਮੀਨੇਟ *ਵਾਸ਼ਰੂਮ *ਕਿਚਨ
*ਐਕਸਟਰਾ ਰੂਮ ਐਡੀਸ਼ਨ *ਇਲੈਕਟ੍ਰੀਕਲ *ਪਲੰਬਿੰਗ *ਰੂਫਿੰਗ ਦਾ ਕੰਮ
www.king73reno.com
GURDEEP S. GILL
778.896.4555

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic

Dr. Malkit Singh Sidhu
D.H.M.S. (Hons.)

Dr. Kirandeep Kaur Sidhu
D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 29, Issue No. 48, Ending Date:Dec 02, 2022

WALIA FOREX LTD
ਦੁਨਿਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send money instantly Worldwide
We also Buy & Sell US Dollars/Euro & Pounds
778-822-8410 #2A-2599 Cedar Park Pl. Abbotsford, BC
778-861-0324 #285-8128-128 St. Surrey, BC

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing

Satnam Saroya
Mortgage Specialist
604.760.9172
384-8148 128 St, Surrey
(Payal Buss. Centre)

ਐਬਟਸਫੋਰਡ ਵਿਖੇ ਸਿੱਖ ਕੌਮ ਵੱਲੋਂ 'ਖ਼ੂਨਦਾਨ ਕੈਂਪੇਨ' ਕੈਨੇਡਾ 'ਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ

ਐਬਟਸਫੋਰਡ:-(ਡਾ ਗੁਰਵਿੰਦਰ ਸਿੰਘ) ਬੇਹੱਦ ਫਖ਼ਰ ਵਾਲੀ ਗੱਲ ਹੈ ਕਿ (ਬਾਕੀ ਸਫਾ ਬੀ06 ਤੇ)

'ਹਿੰਦੂ ਰਾਸ਼ਟਰ ਦੀ ਗੱਲ ਗ਼ਲਤ ਨਹੀਂ ਤਾਂ ਸਿੱਖ ਰਾਸ਼ਟਰ ਦੀ ਕਿਵੇਂ ਗਲਤ?:ਜਥੇ ਹਰਪ੍ਰੀਤ ਸਿੰਘ

ਅੰਮ੍ਰਿਤਸਰ:-ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨੇ ਆਪਣੇ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਜੇ ਭਾਰਤ ਵਿੱਚ ਹਿੰਦੂ ਰਾਸ਼ਟਰ ਦੀ ਗੱਲ ਕਰਨੀ ਗ਼ਲਤ ਨਹੀਂ ਹੈ ਤਾਂ ਸਿੱਖ ਰਾਸ਼ਟਰ ਦੀ ਗੱਲ ਕਰਨੀ ਗਲਤ ਕਿਵੇਂ ਹੋ ਸਕਦੀ ਹੈ।ਉਨ੍ਹਾਂ ਕਿਹਾ ਇਸੇ ਗੱਲ ਨੂੰ ਆਧਾਰ ਬਣਾ ਕੇ ਸਿੱਖਾਂ ਖ਼ਿਲਾਫ਼ ਨਫ਼ਰਤ ਭਰਿਆ ਪ੍ਰਚਾਰ ਹੋ (ਬਾਕੀ ਸਫਾ ਬੀ10 ਤੇ)

SUPER VISA INSURANCE

- BEST RATES GUARANTEED
- FULL REFUND IF VISA DENIED
- PARTIAL REFUND IF PARENTS LEAVE EARLY
- MORTGAGE INSURANCE
Punjab
CALL SUPER VISA SPECIALIST
SANDEEP AHUJA CHS
604-996-6862
Surrey & Abbotsford

BASANT SWEETS & RESTAURANT
TAKE OUT-DINE IN & CATERING
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ, ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ

ਫੋਨ:604-595-3535
ਬਲਰਾਮ ਬੱਲੀ:604-862-1733
#402-8148 128 St. Surrey (Payal Business Cenre)

BM Elite Renovations Ltd.
ਅਸੀਂ ਹਰ ਤਰਾਂ ਦੀ ਰੈਨੋਵੇਸ਼ਨ ਕਰਦੇ ਹਾਂ

- ਹਾਰਡਵੁੱਡ
- ਟਾਈਲਾਂ
- ਕਿਚਨ ਕੈਬਿਨੇਟਸ
- ਸਟੋਨ ਵਰਕ
- ਲੈਮੀਨੇਟ
- ਪੇਂਟਿੰਗ
- ਫ੍ਰੇਮਿੰਗ
- ਡਰਾਈਵਾਲ ਫਿਨਿਸ਼ਿੰਗ

ਨਵੀਂ ਬੇਸਮੈਂਟ ਅਤੇ ਬਾਥਰੂਮ ਐਕਸਟੈਂਸ਼ਨ
Call at 604-791-3933
BMeliterenovation@outlook.com

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
- ਮਨੀ-ਬੈਕ ਟਰਮ ਇੰਸ਼ੋਰੈਂਸ
- ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
- ਪਰੋਵਿੰਸ ਤੋਂ ਬਾਹਰ ਕਵਰੇਜ
- ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ

Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi

ਸੰਤੋਖ ਸਿੰਘ ਸਿੱਧੂ
604-852-2204

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ

ਹਰਮੀਤ ਸਿੰਘ ਖੁੱਡੀਆਂ ਨੂੰ ਫੋਨ ਮਿਲਾਓ
604-825-2222

Universal Auto Collision Ltd.
- ICBC Claims — ਆਈ. ਸੀ. ਬੀ. ਕਲੇਮਜ਼
- Private Claims — ਪ੍ਰਾਈਵੇਟ ਕਲੇਮਜ਼
- Free Courtesy Cars — ਫਰੀ ਕਰਟਸੀ ਕਾਰ
- Auto Glass Replacement — ਆਟੋ ਗਲਾਸ ਰਿਪਲੇਸਮੈਂਟ
- Free Estimates — ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee
#1, 7680-134th Street, Surrey, BC V3W 7T8

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior

Ph:604-897-2526

ਗੁਰੂ ਨਾਨਕ ਜ਼ਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches

ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676

Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।

ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

ਮੌਰਟਗੇਜ ਦੇ ਮਾਹਿਰ

MORTGAGE ALLIANCE
Avineet Kalsey
Mortgage Consultant
604.763.3000
- ਘਰਾਂ ਦੀ ਮੌਰਟਗੇਜ
- ਸੈਕਿੰਡ ਮੌਰਟਗੇਜ
- ਕੌਂਸਟ੍ਰਕਸ਼ਨ
- ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

BEST DEAL TRAVEL INC
WE'LL SHOW YOU THE WORLD
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

HARVY JAWANDA
PERSONAL REAL ESTATE CORPORATION
604.655.7776
RE/MAX
YOUR SURREY REALTOR®
YOURSURREYREALTOR.COM

FARM AND SPICE

Open 7 Days a Week
8.30 am to 9.00 pm

SPECIAL OFFERS : 25 Nov - 1 Dec

Daily Specials on

ਗਾਲਾ ਸੇਬ
Gala BC Apple

99¢/lb

ਐਂਬ੍ਰੋਸੀਆ ਸੇਬ
Ambrosia BC Apple

$1.29/lb

ਸੰਤਰਾ ਵਡਾ
Orange Large

99¢/lb

ਨਿੰਬੂ
Lemons

99¢ 4 pc

ਆਵੋਕਾਡੋ
Avocado

99¢ each

ਜ਼ੁਕੀਨੀ
Zuchinni

$1.49/lb

ਅੱਦਰਕ
Ginger

$1.79/lb

ਹਰੇ/ਲਾਲ ਅੰਗੂਰ
Green/Red Grapes

$2.49/lb

ਜੰਬੋ ਬੈਂਗਣ
Eggplant Jumbo

$1.99 each

ਨਿੱਕਾ ਤਰਬੂਜ
Watermelon Mini

$2.99 each

ਅਨਾਰ
Pomegranate

$2.49 each

ਲਸਣ
Garlic
1kg Pack

1kg
$3.99 each

ਏ-ਪਲਸ ਸੋਯਾ
Nutrela
Soya Chunks
Mini Chunks

200g
$1.99 each

ਏ-ਪਲਸ ਸੋਯਾ
Aplus
Soya Chunks/
Mini Chunks



200g
$1.99 each

ਬਦਾਮ
Almonds
Supreme Quality

$4.49/lb

ਦੇਸੀ ਨਮਕ
Desi
Pink Salt

1kg
$2.99 each

ਸ਼ਾਨ ਮਿਕਸ ਅਚਾਰ
Shan Pickles
Mango/Chilli/Mixed Pickle
Lemon/Hyderabidi Mix

1kg
$3.99 each

ਬੀ ਸੀ ਮਿਕਸ ਨਮਕੀਨ
BC Asst. Snacks

320g
$2.99 each

ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo,
mathura peda

400g
$5.99 each

ਟਾਟਾ ਚਾਹ
Tata
Tea Premium

220 bags
$8.99 each

ਏ ਪੱਲਸ ਚਾਵਲ
A+Plus
Everyday Basmati Rice

5kg
$11.99 each

ਏ+ਪਲਸ ਤੇਲ
A+Plus
Mustard Oil

2ltr
$10.99 each

ਏ+ਪਲਸ ਤੇਲ
A+Plus
Mustard Oil

5ltr
$26.99 each

PUNJABI FLAVOURED KULFI ALSO AVAILABLE

 # 09-10 12830 96 Ave. Surrey BC | Tel: 604 930 7742
 # 103-104 14320 64 Ave. Surrey BC | Tel: 604 593 6323

*while supply last

Curbside pick up available

॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਜੀ ਸ੍ਰੀਮਤੀ ਆਸ਼ਾ ਰਾਣੀ ਪਾਤਲਾ ਸੁਪਤਨੀ ਸ੍ਰੀ ਮੋਹਨ ਲਾਲ ਪਾਤਲਾ ਜਿਹਨਾਂ ਦਾ ਪਿਛਲਾ ਪਿੰਡ ਖਾਨਖਾਨਾ ਜ਼ਿਲ੍ਹਾ ਨਵਾਂ ਸ਼ਹਿਰ ਸੀ, 16 ਨਵੰਬਰ ਨੂੰ ਆਪਣੀ 82 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ।ਮਾਤਾ ਜੀ ਦਾ ਅੰਤਮ ਸਸਕਾਰ 27 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ (ਹਾਪਕਾਟ ਰੋਡ) ਡੈਲਟਾ ਵਿਖੇ ਹੋਵੇਗਾ।ਉਪਰੰਤ ਉਨ੍ਹਾਂ ਨਮਿਤ ਰਖਾਏ ਪਾਠ ਦੇ ਭੋਗ ਤੇ ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਸਰੀ (8115-132 ਸਟਰੀਟ) ਵਿਖੇ ਦੁਪਹਿਰ 12 ਵਜੇ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

(ਘਰ)604-584-5139 ਜਾਂ ਰਜਿੰਦਰ ਪਾਤਲਾ (ਸਪੁੱਤਰ) 604-512-5139

ਬਲਵਿੰਦਰ ਸਿੰਘ ਗਰੇਵਾਲ ਦੀ ਪੁਸਤਕ 'ਡਬੋਲੀਆ' ਨੂੰ ਮਿਲਿਆ 25,000 ਡਾਲਰ ਦਾ 'ਢਾਹਾਂ ਐਵਾਰਡ'

ਸਰੀ (ਹਰਦਮ ਮਾਨ)-ਬਲਵਿੰਦਰ ਸਿੰਘ ਗਰੇਵਾਲ ਦੇ ਕਹਾਣੀ ਸੰਗ੍ਰਹਿ 'ਡਬੋਲੀਆ' ਨੂੰ ਇਸ ਸਾਲ ਦਾ 25,000 ਡਾਲਰ ਦੀ ਰਾਸ਼ੀ ਵਾਲਾ 'ਢਾਹਾਂ ਐਵਾਰਡ' ਹਾਸਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਐਲਾਨ ਬੀਤੀ ਰਾਤ ਸਰੀ ਵਿਖੇ ਇਕ ਸਮਾਗਮ ਦੌਰਾਨ ਕੀਤਾ ਗਿਆ। ਅਰਵਿੰਦਰ ਕੌਰ ਧਾਲੀਵਾਲ ਦੇ ਕਹਾਣੀ ਸੰਗ੍ਰਿਹ ਝਾਂਜਰ ਵਾਲੇ ਪੈਰ ਅਤੇ ਜਾਵੇਦ ਬੂਟਾ ਦੇ ਚੌਲਾਂ ਦੀ ਬੁਰਕੀ ਨੂੰ 10-10 ਹਜਾਰ ਦੇ ਇਨਾਮ ਲਈ ਚੁਣਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਗਰੇਵਾਲ ਅਤੇ ਅਰਵਿੰਦਰ ਕੌਰ ਧਾਲੀਵਾਲ ਭਾਰਤ ਦੇ ਵਸਨੀਕ ਹਨ ਅਤੇ ਜਾਵੇਦ ਬੂਟਾ ਅਮਰੀਕਾ ਦਾ ਸ਼ਹਿਰੀ ਹੈ। ਇਸ ਐਵਾਰਡ ਲਈ ਪਹਿਲੇ ਅਤੇ ਦੂਜੇ ਇਨਾਮ ਲਈ ਪੁਸਤਕਾਂ ਦੀ ਚੋਣ ਤਿੰਨ ਮੈਂਬਰੀ ਫਾਈਨਲ ਜਿਊਰੀ ਨੇ ਕੀਤੀ। ਇਸ ਜਿਊਰੀ ਵਿਚ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ (ਕੈਨੇਡਾ), ਪ੍ਰੋ. ਜਸਪਾਲ ਘਈ (ਭਾਰਤ) ਅਤੇ ਜਨਾਬ ਮੁਨੀਰ ਗੁੱਜਰ (ਪਾਕਿਸਤਾਨ) ਸ਼ਾਮਲ ਸਨ। ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਸੰਸਥਾਪਕ ਪ੍ਰਧਾਨ ਬਰਜ ਢਾਹਾਂ ਨੇ ਇਸ ਮੌਕੇ ਦੱਸਿਆ ਕਿ ਇਸ ਇਨਾਮ ਦੀ ਸਥਾਪਨਾ ਤਕਰੀਬਨ ਇੱਕ ਦਹਾਕਾ ਪਹਿਲਾਂ ਪੰਜਾਬੀ ਸਾਹਿਤ ਨੂੰ ਉਤਸ਼ਾਹਿਤ ਕਰਨ ਅਤੇ ਦੋਹਾਂ ਪੰਜਾਬੀ ਲਿਪੀਆਂ (ਗੁਰਮੁਖੀ ਅਤੇ ਸ਼ਾਹਮੁਖੀ) ਵਿੱਚ ਵਾਰਤਕ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤੀ ਸੀ। ਇਸ ਵਿਚ ਤਿੰਨ ਲੇਖਕਾਂ ਨੂੰ ਕੁੱਲ 45,000 ਡਾਲਰ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਜਾਂਦੀ ਹੈ। ਉਹਨਾਂ ਕਿਹਾ ਕਿ ਇਸ ਸਾਲ ਇਸ ਐਵਾਰਡ ਲਈ ਉਨ੍ਹਾਂ ਨੂੰ ਭਾਰਤ, ਪਾਕਿਸਤਾਨ, ਯੂ.ਕੇ., ਯੂ.ਐੱਸ. ਅਤੇ ਆਸਟ੍ਰੇਲੀਆ ਸਮੇਤ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਲੇਖਕਾਂ ਦੀਆਂ ਪੁਸਤਕਾਂ ਪ੍ਰਾਪਤ ਹੋਈਆਂ ਸਨ।

ਦਲਿਤ ਬੁਧੀਜੀਵੀ ਨੂੰ 950 ਦਿਨ ਜੇਲ੍ਹ ਵਿਚ ਰਹਿਣ ਬਾਅਦ ਮਿਲੀ ਜ਼ਮਾਨਤ

ਮੁੰਬਈ: ਮਸ਼ਹੂਰ ਦਲਿਤ ਬੁੱਧੀਜੀਵੀ ਅਤੇ ਲੇਖਕ ਆਨੰਦ ਤੇਲਤੁੰਬੜੇ ਨੂੰ ਸਖ਼ਤ ਕਾਨੂੰਨ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਦੇ ਤਹਿਤ ਲਗਭਗ 950 ਦਿਨ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਸ਼ੁੱਕਰਵਾਰ ਨੂੰ ਮੁੰਬਈ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ। ਬਾਰ ਅਤੇ ਬੈਂਚ ਨੇ ਦੱਸਿਆ ਕਿ ਜਸਟਿਸ ਏਐਸ ਗਡਕਰੀ ਅਤੇ ਮਿਲਿੰਦ ਜਾਧਵ ਦੀ ਬੈਂਚ ਨੇ ਅਰਜ਼ੀ 'ਤੇ ਵਿਆਪਕ ਸੁਣਵਾਈ ਕਰਨ ਅਤੇ ਪਿਛਲੇ ਹਫ਼ਤੇ ਆਪਣਾ ਫੈਸਲਾ ਸੁਰੱਖਿਅਤ ਰੱਖਣ ਤੋਂ ਬਾਅਦ ਇਹ ਫੈਸਲਾ ਸੁਣਾਇਆ। ਹਾਈ ਕੋਰਟ ਨੇ ਤੇਲਤੁੰਬੜੇ ਨੂੰ ਇਕ ਲੱਖ ਰੁਪਏ ਦੀ ਜ਼ਮਾਨਤ 'ਤੇ ਜ਼ਮਾਨਤ ਦੇ ਦਿੱਤੀ ਹੈ। ਹਾਲਾਂਕਿ ਅਦਾਲਤ ਨੇ ਆਪਣੇ ਆਦੇਸ਼ 'ਤੇ ਇਕ ਹਫਤੇ ਲਈ ਰੋਕ ਲਗਾ ਦਿੱਤੀ ਹੈ ਤਾਂ ਜੋ ਇਸ ਮਾਮਲੇ ਦੀ ਜਾਂਚ ਕਰਨ ਵਾਲੀ ਏਜੰਸੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਸੁਪਰੀਮ ਕੋਰਟ ਤੱਕ ਪਹੁੰਚ ਕਰ ਸਕੇ। ਦਲਿਤ ਵਿਦਵਾਨ ਇਸ ਸਮੇਂ 2018 ਦੀ ਕਰੇਗਾਂਵ ਹਿੰਸਾ ਵਿੱਚ ਉਸਦੀ ਕਥਿਤ ਭੂਮਿਕਾ ਲਈ 2020 ਵਿੱਚ ਗ੍ਰਿਫਤਾਰੀ ਤੋਂ ਬਾਅਦ ਮੁੰਬਈ ਦੀ ਤਲੋਜਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ।

Charlesworth
insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"

Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4

Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases

Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।

Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

www.accuraterailing.com
AccurateRailing & AWNING LTD

* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com

Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

ਹਰੀ ਸਿੰਘ ਨਲੂਏ ਬਾਰੇ ਮੂਸੇਵਾਲ ਦਾ ਗੀਤ 'ਸੰਸਾਰ ਦੇ 100 ਅੱਵਲ ਗੀਤਾਂ' ਵਿਚ ਕਿਉਂ? ਪੰਜਾਬੀ ਨੌਜੁਆਨ ਸੋਚਣਗੇ?

ਉਸ ਦੇ ਪੁਰਾਣੇ ਗੀਤ ਤਾਂ ਗੂੰਜ ਹੀ ਰਹੇ ਹਨ ਪਰ ਹਾਲ ਹੀ ਵਿਚ ਨਿਕਲਿਆ ਨਵਾਂ ਗੀਤ 'ਵਾਰ' ਸ਼ਾਇਦ ਬਾਕੀਆਂ ਨੂੰ ਵੀ ਪਿੱਛੇ ਛੱਡ ਜਾਵੇਗਾ। 'ਵਾਰ' ਇਕ ਹਫ਼ਤੇ ਵਿਚ 23 ਮਿਲੀਅਨ ਵਾਰ ਸੁਣਿਆ ਜਾ ਚੁੱਕਾ ਹੈ ਤੇ ਅੰਤਰ-ਰਾਸ਼ਟਰੀ 'ਅੱਵਲ 100 ਗੀਤਾਂ' ਦੀ ਸੂਚੀ ਵਿਚ ਆ ਚੁੱਕਾ ਹੈ। ਇਸ ਗੀਤ ਨੂੰ ਸਿਰਫ਼ ਸਿਧੂ ਮੂਸੇਵਾਲਾ ਦੀ ਅਪਣੀ ਆਵਾਜ਼ ਹੀ ਦੁਨੀਆਂ ਵਿਚ ਚਮਕਾ ਸਕਦੀ ਸੀ। 'ਵਾਰ' ਢਾਡੀ ਸੰਗੀਤ ਤੋਂ ਪ੍ਰੇਰਿਤ ਹਰੀ ਸਿੰਘ ਨਲੂਆ ਦੀ ਬਹਾਦਰੀ ਨੂੰ ਦਰਸਾਉਣ ਲਈ ਲਿਖਿਆ ਗੀਤ ਹੈ ਤੇ ਅੱਜ ਸਿੱਧੂ ਮੂਸੇਵਾਲਾ ਦੀ ਬਹਾਦਰੀ ਨੂੰ ਦਰਸਾਉਣ ਲਈ ਲਿਖਿਆ ਗੀਤ ਹੈ ਤੇ ਅੱਜ ਸਿੱਧੂ ਦੀ ਆਵਾਜ਼ ਸਦਕਾ ਦੁਨੀਆਂ ਦੇ ਕੋਨੇ ਕੋਨੇ ਵਿਚ ਲੋਕ ਹਰੀ ਸਿੰਘ ਨਲੂਆ ਦੀ ਬਹਾਦਰੀ ਤੋਂ ਵਾਕਫ਼ ਹੋ ਰਹੇ ਹਨ। ਸਿੱਧੂ ਮੂਸੇਵਾਲਾ ਦੀ ਗਿਣਤੀ ਉਨ੍ਹਾਂ ਗਿਣੇ ਚੁਣੇ ਕਲਾਕਾਰਾਂ ਵਿਚ ਕੀਤੀ ਜਾਵੇਗੀ ਜੋ ਮਰਨ ਤੋਂ ਬਾਅਦ ਵੀ ਨਵੇਂ ਗੀਤ ਪੇਸ਼ ਕਰ ਰਹੇ ਹਨ ਤੇ ਗੀਤ ਵੀ ਅਜਿਹੇ ਕਿ ਉਹ ਦੁਨੀਆਂ ਦੇ ਸੱਭ ਤੋਂ ਜ਼ਿਆਦਾ ਸੁਣੇ ਜਾਣ ਵਾਲੇ ਗੀਤਾਂ ਦੀ ਸੂਚੀ ਵਿਚ ਆ ਰਹੇ ਹਨ। ਉਸ ਦੇ ਪੁਰਾਣੇ ਗੀਤ ਤਾਂ ਗੂੰਜ ਹੀ ਰਹੇ ਹਨ ਪਰ ਹਾਲ ਹੀ ਵਿਚ ਨਿਕਲਿਆ ਨਵਾਂ ਗੀਤ 'ਵਾਰ' ਸ਼ਾਇਦ ਬਾਕੀਆਂ ਨੂੰ ਵੀ ਪਿੱਛੇ ਛੱਡ ਜਾਵੇਗਾ। 'ਵਾਰ' ਇਕ ਹਫ਼ਤੇ ਵਿਚ 23 ਮਿਲੀਅਨ ਵਾਰ ਸੁਣਿਆ ਜਾ ਚੁੱਕਾ ਹੈ ਤੇ ਅੰਤਰ-ਰਾਸ਼ਟਰੀ 'ਅੱਵਲ 100 ਗੀਤਾਂ' ਦੀ ਸੂਚੀ ਵਿਚ ਆ ਚੁੱਕਾ ਹੈ। ਇਸ ਗੀਤ ਨੂੰ ਸਿਰਫ਼ ਸਿਧੂ ਮੂਸੇਵਾਲਾ ਦੀ ਅਪਣੀ ਆਵਾਜ਼ ਹੀ ਦੁਨੀਆਂ ਵਿਚ ਚਮਕਾ ਸਕਦੀ ਸੀ। 'ਵਾਰ' ਢਾਡੀ ਸੰਗੀਤ ਤੋਂ ਪ੍ਰੇਰਿਤ ਹਰੀ ਸਿੰਘ ਨਲੂਆ ਦੀ ਬਹਾਦਰੀ ਨੂੰ ਦਰਸਾਉਣ ਲਈ ਲਿਖਿਆ ਗੀਤ ਹੈ ਤੇ ਅੱਜ ਸਿੱਧੂ ਦੀ ਆਵਾਜ਼ ਸਦਕਾ ਦੁਨੀਆਂ ਦੇ ਕੋਨੇ ਕੋਨੇ ਵਿਚ ਲੋਕ ਹਰੀ ਸਿੰਘ ਨਲੂਆ ਦੀ ਬਹਾਦਰੀ ਤੋਂ ਵਾਕਫ਼ ਹੋ ਰਹੇ ਹਨ।

ਸ਼ਾਇਦ ਇਹੀ ਕਾਰਨ ਹੈ ਕਿ ਸਿੱਧੂ ਮੂਸੇਵਾਲੇ ਦੀ ਯਾਦ ਵਿਚ ਅੱਜ ਵੀ ਹਰ ਐਤਵਾਰ ਨੂੰ ਲੋਕ ਉਸ ਦੇ ਘਰ ਸ਼ਰਧਾਂਜਲੀ ਦੇਣ ਜਾਂਦੇ ਹਨ ਤੇ ਕਈ ਵਾਰ ਅਪਣੇ ਹੰਝੂਆਂ ਨੂੰ ਵੀ ਕਾਬੂ ਕਰਨੋਂ ਹਾਰ ਜਾਂਦੇ ਹਨ। ਫਿਰ ਇਕ ਸਵਾਲ ਦਿਲ ਵਿਚ ਉਠਦਾ ਹੈ ਕਿ ਕੀ ਪੰਜਾਬ ਦੀ ਨੌਜੁਆਨੀ ਨੂੰ ਇਸ ਵਿਚ ਅਪਣਾ ਆਦਰਸ਼ ਨਹੀਂ ਦਿਸਦਾ? ਸਿੱਧੂ ਨੇ ਵੀ ਗ਼ਲਤੀਆਂ ਕੀਤੀਆਂ ਸਨ। ਉਸ ਨੂੰ ਬੰਦੂਕਾਂ ਦਾ ਸ਼ੌਕ ਸੀ, ਗਰਮ ਖ਼ਿਆਲਾਂ ਵਾਲਾ ਸੀ ਪਰ ਫਿਰ ਵੀ ਉਸ ਨੇ ਪੰਜਾਬ ਵਿਚ, ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਅਪਣਾ ਰੁਤਬਾ ਬਣਾਉਣ ਦਾ ਯਤਨ ਕੀਤਾ ਤੇ ਸਫ਼ਲ ਵੀ ਹੋਇਆ।

ਪੰਜਾਬ ਨੂੰ ਬੰਦੂਕਾਂ ਦਾ ਸ਼ੌਕ ਹੈ ਤੇ ਹੋਵੇਗਾ ਵੀ ਕਿਉਂ ਨਾ? ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵਾਂਗ ਕਿੰਨੇ ਹੀ ਪੰਜਾਬੀ ਫ਼ੌਜੀ ਹਨ ਤੇ ਹਰ ਫ਼ੌਜੀ ਦੀ ਸ਼ਸਤਰਾਂ ਵਿਚ ਦਿਲਚਸਪੀ ਐਨ ਕੁਦਰਤੀ ਹੈ। ਫਿਰ ਪਿਤਾ ਤੋਂ ਬੱਚਾ ਤਾਂ ਪ੍ਰਭਾਵਤ ਹੋਵੇਗਾ ਹੀ। ਸਿੱਧੂ ਵੀ ਸੀ ਤੇ ਇਸ ਨੂੰ ਉਸ ਨੇ ਕਦੇ ਛੁਪਾਇਆ ਵੀ ਨਹੀਂ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸ ਨੇ ਪੜ੍ਹਾਈ ਛੱਡ ਦਿਤੀ ਸੀ ਜਾਂ ਮਿਹਨਤ ਨਹੀਂ ਸੀ ਕੀਤੀ। ਉਸ ਨੇ ਨਸ਼ੇ ਦਾ ਆਸਰਾ ਨਹੀਂ ਲਿਆ ਤੇ ਮੌਕਾ ਮਿਲਦੇ ਹੀ ਕੈਨੇਡਾ ਛੱਡ, ਅਪਣੇ ਪਿੰਡ ਆ ਵਸਿਆ। ਸਿੱਧੂ ਵਾਂਗ ਸਾਡੇ ਕੋਲ ਅਨੇਕਾਂ ਹੀ ਆਦਰਸ਼ ਨੌਜੁਆਨ ਹਨ ਜੋ ਤੁਹਾਨੂੰ ਮਿਹਨਤ ਦੇ ਮਾਰਗ 'ਤੇ ਚਲਣ ਲਈ ਉਤਸ਼ਾਹਤ ਕਰ ਸਕਦੇ ਹਨ। ਅੱਜਕਲ ਅਰਸ਼ਦੀਪ ਕ੍ਰਿਕਟ ਦਾ ਛੋਟਾ ਜਿਹਾ ਰੱਬ ਬਣਨ ਦੀ ਰਾਹ 'ਤੇ ਚਲ ਪਿਆ ਹੈ। ਤਜਿੰਦਰ ਸਿੰਘ ਢੇਸੀ, ਡਾ. ਮਨਮੋਹਨ ਸਿੰਘ, ਜਗਮੀਤ ਸਿੰਘ, ਪ੍ਰੀਤ ਕੌਰ ਗਿੱਲ ਤੇ ਅਨੇਕਾਂ ਹੋਰ ਹਨ ਜੋ ਮਿਹਨਤ ਤੇ ਕਿਰਤ ਸਦਕਾ ਚਮਕ ਰਹੇ ਹਨ ਪਰ ਸਾਡੀ ਜਵਾਨੀ ਨੂੰ ਸਿਰਫ਼ ਸ਼ਾਰਟਕਟ ਰਸਤਾ ਹੀ ਜ਼ੋਰ-ਸ਼ੋਰ ਨਾਲ ਵਿਖਾਇਆ ਜਾ ਰਿਹਾ ਹੈ। ਪੰਜਾਬੀ ਨੌਜੁਆਨਾਂ ਕੋਲ ਕਾਬਲੀਅਤ ਹੈ, ਮਿਹਨਤ ਕਰਨ ਦੀ ਸਮਰੱਥਾ ਹੈ ਪਰ ਗ਼ਲਤ ਰਾਹ ਨੂੰ ਚੁਣਨ ਦੀ ਕਾਹਲ ਵਿਚ ਰਹਿੰਦੇ ਹਨ। ਲੱਖਾ ਸਿਧਾਣਾ ਵਰਗੇ ਅਪਣੀਆਂ ਗ਼ਲਤੀਆਂ ਸੁਧਾਰ ਕੇ ਸਮਾਜ ਵਿਚ ਅਪਣੀ ਇੱਜ਼ਤ ਬਣਾਉਣ ਵਿਚ ਲੱਗੇ ਹੋਏ ਹਨ ਪਰ ਫਿਰ ਵੀ ਸਾਡੀ ਜਵਾਨੀ ਨੂੰ ਬਿਸ਼ਨੋਈ ਵਰਗਿਆਂ ਦੇ ਰਾਹ ਪੈਣਾ ਚੰਗਾ ਲੱਗ ਰਿਹਾ ਹੈ। ਪਤਾ ਨਹੀਂ ਕਿਉਂ? ਉਹ ਆਪ ਹੀ ਕਿਉਂ ਨਹੀਂ ਮੂਸੇਵਾਲਾ ਕੋਲੋਂ ਪੁਛ ਲੈਂਦੇ? ਮੂਸੇਵਾਲਾ ਮਰਿਆ ਨਹੀਂ, ਉਹ ਅਪਣੇ ਗੀਤਾਂ ਰਾਹੀਂ ਅਜੇ ਵੀ ਜ਼ਿੰਦਾ ਹੈ। ਸਾਡੀ ਨੌਜੁਆਨੀ ਵਿਚ ਅਸਲ ਸ਼ਾਨ ਤੇ ਝੂਠੀ ਸ਼ਾਨ ਵਿਚ ਅੰਤਰ ਕਰਨ ਦੀ ਕਾਬਲੀਅਤ ਘਟਦੀ ਜਾਂਦੀ ਹੈ। ਪੈਸੇ ਤੇ ਫ਼ੁਕਰਾਪੰਥੀ ਹੀ ਇਸ ਪੀੜ੍ਹੀ ਦਾ ਮੰਤਵ ਕਿਉਂ ਬਣਦਾ ਜਾ ਰਿਹਾ ਹੈ?

– ਨਿਮਰਤ ਕੌਰ

ਭਾਰਤ ਜਾਣ ਵਾਲੇ ਯਾਤਰੀਆਂ ਨੂੰ ਕੋਵਿਡ ਫਾਰਮ ਨਹੀਂ ਭਰਨੇ ਪੈਣਗੇ

ਨਵੀਂ ਦਿੱਲੀ: ਸਰਕਾਰ ਨੇ ਕਿਹਾ ਹੈ ਕਿ ਕੋਵਿਡ ਟੀਕਾਕਰਨ ਲਈ ਸਵੈ-ਘੋਸ਼ਣਾ ਫਾਰਮ ਜੋ ਆਉਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਦੁਆਰਾ ਏਅਰ ਸੁਵਿਧਾ ਪੋਰਟਲ 'ਤੇ ਭਰੇ ਜਾਣੇ ਸਨ, ਹੁਣ ਜ਼ਰੂਰੀ ਨਹੀਂ ਹੋਣਗੇ। ਹਵਾਬਾਜ਼ੀ ਮੰਤਰਾਲੇ ਨੇ ਕਿਹਾ ਕਿ ਸਿਹਤ ਮੰਤਰਾਲੇ ਦੇ ਸੋਧੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਔਨਲਾਈਨ ਏਅਰ ਸੁਵਿਧਾ ਪੋਰਟਲ 'ਤੇ ਸਵੈ-ਘੋਸ਼ਣਾ ਫਾਰਮ ਜਮ੍ਹਾਂ ਕਰਾਉਣਾ ਬੰਦ ਕਰ ਦਿੱਤਾ ਗਿਆ ਹੈ। ਹਾਲਾਂਕਿ, ਇਸ ਵਿੱਚ, ਇੱਕ ਕਾਨੂੰਨੀ ਚੇਤਾਵਨੀ ਸ਼ਾਮਲ ਕੀਤੀ ਗਈ ਹੈ ਕੋਵਿਡ ਸਥਿਤੀ ਦੇ ਮੱਦੇਨਜ਼ਰ ਜੇ ਲੋੜ ਪਈ ਤਾਂ ਨਿਯਮ ਦੀ ਸਮੀਖਿਆ ਕੀਤੀ ਜਾ ਸਕਦੀ ਹੈ।

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration
New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
1393 - 20800 - WESTMINSTER HWY, RICHMOND, BC
Jasbir Singh Badh



CANRISE IMMIGRATION
www.canriseimmigration.com
778-565-1717
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream.....Our Passion
For all your Immigration Related Needs:
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com

(ਮੁੱਖ ਪੰਨੇ ਦੀ ਬਾਕੀ)

ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ ਖੂਨਦਾਨ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ।

ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 2022 ਤੱਕ, 1 ਲੱਖ 65 ਹਜ਼ਾਰ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਟਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ। ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 38 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ। ਖੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਝੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਖੂਨਦਾਨ ਲਹਿਰ ਵਜੋਂ ਮਾਨਤਾ ਦਿੱਤੀ ਗਈ ਹੈ, ਜੋ ਕਿ ਇਤਿਹਾਸਕ ਕਾਰਜ ਹੈ। ਪਰ ਇੰਡੀਅਨ ਫਾਸ਼ੀਵਾਦੀ ਸਟੇਟ ਦੇ ਪ੍ਰਭਾਵ ਕਾਰਨ ਇੱਥੇ ਇਸ ਗੱਲ ਦੀ ਘਾਟ ਜ਼ਰੂਰ ਮਹਿਸੂਸ ਹੋਈ ਹੈ ਕਿ ਇਸ ਖੂਨਦਾਨ ਮੁਹਿੰਮ ਦਾ ਅਸਲ ਕਾਰਨ, ਜੋ ਕਿ ਸਿੱਖ ਨਸਲਕੁਸ਼ੀ ਦਾ ਦੁਖਾਂਤ ਹੈ, ਉਸ ਬਾਰੇ ਸਰਕਾਰੀ ਐਲਾਨਨਾਮੇ 'ਚ ਪੂਰੀ ਤਰ੍ਹਾਂ ਖਾਮੋਸ਼ੀ ਹੈ । ਇਹ ਸਿੱਖ ਨਸਲਕੁਸ਼ੀ ਦੀ ਪੀੜਤ ਸਮੁੱਚੀ ਸਿੱਖ ਕੌਮ ਲਈ ਰੜਕਦਾ ਹੈ।

ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਦੇ ਦੁਖਾਂਤ ਨੂੰ ਸੰਸਾਰ ਸਾਹਮਣੇ ਉਜਾਗਰ ਕਰਨ ਲਈ ਹੀ ਸਿੱਖ ਕੌਮ ਵੱਲੋਂ ਖੂਨਦਾਨ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਇਸੇ ਕਰਕੇ ਹੀ ਲੱਖਾਂ ਜਾਨਾਂ ਬਚਾਈਆਂ ਗਈਆਂ ਹਨ। ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖੂਨ ਲੈਣ 'ਚ ਨਹੀਂ, ਖੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨ੍ਹਾਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ।

ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ- ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ।

ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ। ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ।

ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਇਸ ਸਬੰਧੀ ਜਦੋਂ ਵੀ ਸਯੰਕਤ ਰਾਸ਼ਟਰ 'ਚ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 38 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ।

ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ। ਦੂਸਰੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ,ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ।

ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ। ਕੈਨੇਡਾ ਦੀ ਧਰਤੀ 'ਤੇ ਖੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ। ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ।

ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ 400ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ, ਜ਼ੁਲਮ ਖਿਲਾਫ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਪਹਿਰੇਦਾਰ ਬਣੀਏ।

BRIGHTWAY SERVICES

PH:(604)547-3787

2nd floor (364- 8158 128th st, V3W1R1, Surrey, BC)
next to Royal King Palace

Business Hours:10am to 6pm (Monday to Friday)

We provide following Services

- India visa applications 6months, 1 year, 10 years
- Visitor Visa application to USA, Australia, England (UK), China, Dubai (UAE), Europe Visa
- Old age pension applications / CPP Applications
- OCI Applications
- Indian passport applications
- Name change applications
- PR card renewal application
- Citizenship application
- Canadian passport application

- ਇੰਡੀਅਨ ਵੀਜਾ ਐਪਲੀਕੇਸ਼ਨ 6 ਮਹੀਨੇ, 1 ਸਾਲ, 10 ਸਾਲ
- ਵਿਜਟਰ ਵੀਜਾ ਐਪਲੀਕੇਸ਼ਨ (ਯੂਐਸਏ, ਆਸਟ੍ਰੇਲੀਆ, ਇੰਗਲੈਂਡ (ਯੂ ਕੇ), ਚੀਨ, ਡੁਬਈ (ਯੂ ਏ ਈ), ਯੂਰਪ ਵੀਜਾ
- ਓਲਡ ਏਜ ਪੈਨਸ਼ਨ ਐਪਲੀਕੇਸ਼ਨਜ/ਸੀ ਪੀ ਪੀ ਐਪਲੀਕੇਸ਼ਨਜ
- ਓ ਸੀ ਆਈ ਐਪਲੀਕੇਸ਼ਨਜ
- ਇੰਡੀਅਨ ਪਾਸਪੋਰਟ ਐਪਲੀਕੇਸ਼ਨਜ
- ਨਾਮ ਬਦਲੀ ਐਪਲੀਕੇਸ਼ਨਜ
- ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
- ਸਿਟੀਜਨਸ਼ਿਪ ਐਪਲੀਕੇਸ਼ਨ
- ਕਨੇਡੀਅਨ ਪਾਸਪੋਰਟ ਐਪਲੀਕੇਸ਼ਨ

Same day fast service

Email:brightwayservices70@gmail.com .

AMAYA LIVING

60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

ਚੋਣਾਂ ਦੌਰਾਨ ਡੱਗ ਮਕੱਲਮ ਨੂੰ ਜਾਣ ਬੁੱਝ ਕੇ ਬਦਨਾਮ ਕੀਤਾ ਗਿਆ
ਡੱਗ ਮਕੱਲਮ ਦਾ ਬਰੀ ਹੋਣਾ:ਸਰੀ ਮਿਉਂਸਪੈਲਟੀ ਦੀ ਚੋਣ ਦੁਬਾਰਾ ਹੋਣੀ ਚਾਹੀਦੀ ਹੈ

ਸਰੀ: ਬੀਸੀ ਦੀ ਸੂਬਾਈ ਅਦਾਲਤ ਨੇ ਸਰੀ ਦੇ ਸਾਬਕਾ ਮੇਅਰ ਡੱਗ ਮੈਕਲਮ ਨੂੰ ਜਨਤਕ ਸ਼ਰਾਰਤ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਇਹ ਮਾਮਲਾ 4 ਸਤੰਬਰ 2021 ਦਾ ਸੀ ਜਦੋਂ ਡੱਗ ਮੈਕਲਮ ਨੇ ਦੋਸ਼ ਲਾਇਆ ਸੀ ਕਿ ਸਰੀ ਆਰਸੀਐਮਪੀ ਨੂੰ ਮਿਉਂਸਪਲ ਪੁਲਿਸ ਫੋਰਸ ਵਿਚ ਬਦਲਣ ਦੀ ਉਨ੍ਹਾਂ ਦੀ ਯੋਜਨਾ ਦਾ ਵਿਰੋਧ ਕਰਨ ਵਾਲੀ ਇੱਕ ਔਰਤ (ਡੇਬੀ ਜੌਹਨਸਟੋਨ) ਨੇ ਇੱਕ ਗਰੋਸਰੀ ਸਟੋਰ ਦੀ ਪਾਰਕਿੰਗ ਵਿੱਚ ਉਨ੍ਹਾਂ ਦੇ ਪੈਰਾਂ ਉੱਤੇ ਕਾਰ ਚੜ੍ਹਾ ਦਿੱਤੀ ਸੀ। ਮਾਨਯੋਗ ਜੱਜ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜੌਹਨਸਟੋਨ ਦੀ ਗਵਾਹੀ ਭਰੋਸੇਮੰਦ ਨਹੀਂ ਲੱਗੀ ਅਤੇ ਡੱਗ ਮੈਕੱਲਮ ਦੇ ਦਾਅਵੇ ਦੀ ਪੁਸ਼ਟੀ ਕਰਨ ਵਾਲੇ ਕਾਫ਼ੀ ਪ੍ਰਮਾਣ ਹਨ, ਜਿਨ੍ਹਾਂ ਦੇ ਆਧਾਰ ਤੇ ਡੱਗ ਮੈਕਲਮ ਦੇ ਬਿਆਨ ਭਰੋਸੇਯੋਗ ਅਤੇ ਸੱਚੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਆਰ.ਸੀ.ਐਮ.ਪੀ ਦੇ ਸਮਰਥਕਾਂ ਅਤੇ ਉਸ ਸਮੇਂ ਦੇ ਵਿਰੋਧੀ ਕੌਂਸਲਰਾਂ, ਖਾਸ ਕਰਕੇ ਮੌਜੂਦਾ ਮੇਅਰ ਬਰੈਂਡਾ ਲੌਕ ਦੁਆਰਾ ਡੱਗ ਮੈਕੈਲਮ ਨੂੰ ਜਾਣ ਬੁੱਝ ਕੇ ਪਰੇਸ਼ਾਨ ਕੀਤਾ ਗਿਆ ਸੀ। ਕਿਉਂਕਿ ਡੱਗ ਮੈਕੈਲਮ ਸਰੀ ਆਰਸੀਐਮਪੀ ਨੂੰ ਸਰੀ ਪੁਲਿਸ ਸਰਵਿਸ ਨਾਲ ਬਦਲਣਾ ਚਾਹੁੰਦਾ ਸੀ, ਇਹ ਕੋਈ ਗੁਨਾਹ ਨਹੀਂ ਸੀ। ਜਿਸ ਤਰ੍ਹਾਂ ਕਈ ਰਿਪੋਰਟਰਾਂ ਨੇ ਮੈਕੈਲਮ ਸਬੰਧੀ ਖਬਰਾਂ ਅਤੇ ਖਾਸ ਤੌਰ 'ਤੇ ਜਨਤਕ ਦੁਰਵਿਹਾਰ ਦੇ ਮਾਮਲੇ ਨੂੰ ਕਵਰ ਕਰਨ ਲਈ ਉਨ੍ਹਾਂ ਬਾਰੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ। ਉਨ੍ਹਾਂ ਕੁਝ ਕੁ ਪੱਤਰਕਾਰਾਂ ਨੂੰ ਹੁਣ ਸ਼ਰਮ ਆਉਣੀ ਚਾਹੀਦੀ ਹੈ! ਬਹੁਤ ਸਾਰੇ ਸਰੀ ਦੇ ਵੋਟਰਾਂ ਦਾ ਕਹਿਣਾ ਹੈ ਕਿ ਮੈਕੈਲਮ

ਅਤੇ ਉਸ ਦੀ ਸੇਫ ਸਰੀ ਗੱਠਜੋੜ ਨੇ ਮਿਉਂਸਪਲ ਚੋਣਾਂ ਜਿੱਤ ਜਾਣੀਆਂ ਸਨ। ਪਰ ਮਕੈਲਮ ਖਿਲਾਫ ਸ਼ਰਾਰਤੀ ਢੰਗ ਨਾਲ ਝੂਠਾ ਪ੍ਰਚਾਰ ਕੀਤਾ ਗਿਆ। ਜਿਸ ਕਾਰਣ ਥੋੜੀਆਂ ਵੋਟਾਂ ਤੇ ਉਹ ਹਾਰ ਗਿਆ।

ਲੋਕ ਕਹਿ ਰਹੇ ਹਨ ਬਰਿੰਡਾ ਲੌਕ ਨੇ ਹੁਣ ਸਾਰੀ ਜਾਇਜ਼ਤਾ ਗੁਆ ਦਿੱਤੀ ਹੈ ਅਤੇ ਉਸ ਨੂੰ ਮੇਅਰ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਸਰੀ ਵਿੱਚ ਇਸ "28-ਪ੍ਰਤੀਸ਼ਤ" ਵੋਟਾਂ ਨਾਲ ਜਿੱਤੀ ਮੇਅਰ ਦਾ ਕੋਈ ਸਨਮਾਨ ਨਹੀਂ ਕਰੇਗਾ। ਮੈਕੈਲਮ ਦੀਆਂ 32,338 ਵੋਟਾਂ ਦੇ ਮੁਕਾਬਲੇ ਸਰੀ ਕਨੈਕਟ ਦੇ ਲਾਕ ਨੂੰ 33,111 ਵੋਟਾਂ ਮਿਲੀਆਂ - ਸਿਰਫ਼ 973 ਵੋਟਾਂ ਦਾ ਫਰਕ ਸੀ। ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ ਕਿ ਬਹੁਤ ਸਾਰੇ ਸਰੀ-ਵਾਸੀਆਂ ਨੇ ਇਸ ਕਰਕੇ ਆਪਣੀ ਵੋਟ ਨਹੀਂ ਪਾਈ ਕਿਉਂਕਿ ਡੱਗ ਦੇ ਵਿਰੋਧੀਆਂ ਦੁਆਰਾ ਕੀਤੇ ਗਏ ਪ੍ਰਚਾਰ ਕਾਰਣ ਇਹ ਵਿਸ਼ਵਾਸ ਕੀਤਾ ਗਿਆ ਹੋਵੇਗਾ ਕਿ ਡੱਗ ਮੈਕੈਲਮ ਨੂੰ ਉਹ ਚੋਣਾਂ ਤੋਂ ਬਾਅਦ ਯਕੀਨੀ ਤੌਰ 'ਤੇ ਦੋਸ਼ੀ ਠਹਿਰਾਇਆ ਜਾਵੇਗਾ। ਕਈ ਸਰੀ ਨਿਵਾਸੀਆਂ ਦਾ ਕਹਿਣਾ ਹੈ ਕਿ ਆਰ.ਸੀ.ਐਮ.ਪੀ. ਸਰੀ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਜਾਵੇ। ਉਨ੍ਹਾਂ ਨੇ ਨਾ ਸਿਰਫ਼ ਸਰੀ ਵਾਸੀਆਂ ਦਾ ਸਗੋਂ ਸਾਰੇ ਬ੍ਰਿਟਿਸ਼ ਕੋਲੰਬੀਅਨਾਂ ਦਾ ਵੀ ਸਨਮਾਨ ਗੁਆ ਦਿੱਤਾ ਹੈ। ਮੈਕਾਲਮ ਨੂੰ ਇੱਕ ਮਾਮੂਲੀ ਕੇਸ ਵਿੱਚ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਉਹਨਾਂ ਕੋਲ ਕੋਈ ਭਰੋਸੇਯੋਗਤਾ ਨਹੀਂ ਬਚੀ।

"ਆਰ.ਸੀ.ਐਮ.ਪੀ ਦੇ ਸੱਤ ਮੈਂਬਰ ਕੇਸ ਦੀ ਜਾਂਚ ਕਰ ਰਹੇ ਸਨ, ਜਿਵੇਂ ਕਿ ਸਰੀ ਦੀ ਇੱਕ ਅਦਾਲਤ ਵਿੱਚ ਖੁਲਾਸਾ ਹੋਇਆ ਸੀ। ਇਸ ਤੋਂ ਪਹਿਲਾਂ ਆਰ. ਸੀ. ਐਮ.ਪੀ ਪੁਲੀਸ ਕਿੰਨੀਆਂ ਕੁ ਛੋਟੀਆਂ ਜਾਂ ਵੱਡੀਆਂ ਸ਼ਿਕਾਇਤਾਂ ਦੀ ਜਾਂਚ ਕੀਤੀ ਹੈ। "ਦਰਅਸਲ, ਮੈਕੈਲਮ ਦੇ ਬਰੀ ਹੋਣ ਨਾਲ ਸਰੀ ਆਰ.ਸੀ.ਐਮ. ਪੀ. ਤੇ ਸਵਾਲੀਆ ਚਿੰਨ ਲੱਗ ਗਿਆ ਹੈ। ਬਹੁਤ ਸਾਰੇ ਸਰੀ-ਵਾਸੀਆਂ ਨੇ ਵੀ ਇਹ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਕਿ ਸਰੀ ਮਿਉਂਸਪੈਲਟੀ ਦੀ ਚੋਣ ਦੁਵਾਰਾ ਹੋਵੇ।

ਅਮਰੀਕਾ ਦੀ ਵੱਕਾਰੀ ਯੂਨੀਵਰਸਿਟੀ ਨੇ ਸਿੱਖਾਂ ਨੂੰ ਗਾਤਰਾ ਪਹਿਨਣ ਦੀ ਦਿੱਤੀ ਇਜਾਜ਼ਤ

ਨਿਊਯਾਰਕ-ਅਮਰੀਕਾ ਦੀ ਵੱਕਾਰੀ ਯੂਨੀਵਰਸਿਟੀ ਨੇ ਐਲਾਨ ਕੀਤਾ ਹੈ ਕਿ ਉਹ ਕੈਂਪਸ ਵਿਚ ਸਿੱਖ ਵਿਦਿਆਰਥੀਆਂ ਨੂੰ ਗਾਤਰਾ ਪਹਿਨਣ ਦੀ ਇਜਾਜ਼ਤ ਦੇਵੇਗੀ। ਇਹ ਫੈਸਲਾ ਦੋ ਮਹੀਨੇ ਪਹਿਲਾਂ ਉੱਤਰੀ ਕੈਰੋਲੀਨਾ ਯੂਨੀਵਰਸਿਟੀ ਦੇ ਵਿਦਿਆਰਥੀ ਨੂੰ ਗਾਤਰਾ ਪਹਿਨਣ ਕਾਰਨ ਹੱਥਕੜੀ ਲਾਉਣ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਆਇਆ ਹੈ। ਉੱਤਰੀ ਕੈਰੋਲੀਨਾ ਯੂਨੀਵਰਸਿਟੀ ਨੇ ਬਿਆਨ ਵਿੱਚ ਕਿਹਾ ਕਿ ਵਿਦਿਆਰਥੀਆਂ ਨੂੰ ਕੈਂਪਸ ਵਿੱਚ ਗਾਤਰਾ ਪਹਿਨਣ ਦੀ ਇਜਾਜ਼ਤ ਦਿੱਤੀ ਜਾਵੇਗੀ ਬਸ਼ਰਤੇ ਗਾਤਰਾ ਤਿੰਨ ਇੰਚ ਤੋਂ ਵੱਧ ਨਹੀਂ ਹੋਣਾ ਚਾਹੀਦਾ, ਉਹ ਪੁਸ਼ਾਕ ਅੰਦਰ ਹੋਵੇ ਤੇ ਦਿਖੇ ना।

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097

By Appointment Only

#202-12677-80AVE SURREY

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

ਦਲਿਤ ਮਹਿਲਾ ਨੇ ਪਾਣੀ ਪੀਤਾ ਤਾਂ ਗਊ ਮੂਤਰ ਨਾਲ ਹੋਈ ਟੈਂਕੀ ਦੀ ਸਫ਼ਾਈ:ਮਾਮਲਾ ਦਰਜ

ਬੰਗਲੁਰੂ: ਕਰਨਾਟਕ ਦੇ ਚਾਮਰਾਜਨਗਰ ਜ਼ਿਲ੍ਹੇ ਵਿਚ ਕੁਝ ਪਿੰਡ ਵਾਸੀਆਂ ਨੇ ਕਥਿਤ ਤੌਰ 'ਤੇ ਇਕ ਦਲਿਤ ਔਰਤ ਵੱਲੋਂ ਜਨਤਕ ਟੈਂਕ ਤੋਂ ਪਾਣੀ ਪੀਣ ਮਗਰੋਂ ਟੈਂਕ ਨੂੰ ਗਊ ਮੂਤਰ ਨਾਲ ਸਾਫ ਕੀਤਾ। ਕਰਨਾਟਕ ਪੁਲਿਸ ਨੇ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਮੁਤਾਬਕ ਇਹ ਘਟਨਾ ਸ਼ੁੱਕਰਵਾਰ ਨੂੰ ਹੇਗਗੋਰਾ ਪਿੰਡ 'ਚ ਵਾਪਰੀ, ਜਿੱਥੇ ਲਿੰਗਾਇਤ ਭਾਈਚਾਰੇ ਦੇ ਲੋਕ ਕਥਿਤ ਤੌਰ 'ਤੇ ਦਲਿਤ ਔਰਤ ਵੱਲੋਂ ਜਨਤਕ ਟੈਂਕੀ ਤੋਂ ਪਾਣੀ ਪੀਣ ਤੋਂ ਭੜਕ ਗਏ ਸਨ।

ਇਸ ਘਟਨਾ ਦਾ ਇਕ ਵੀਡੀਓ ਵਾਇਰਲ ਹੋਇਆ ਸੀ, ਜਿਸ ਦੀ ਕਾਫੀ ਆਲੋਚਨਾ ਹੋਈ। ਚਮਰਾਜਨਗਰ ਦਿਹਾਤੀ ਪੁਲਿਸ ਨੇ ਘਟਨਾ ਤੋਂ ਬਾਅਦ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕੂ) ਸੋਧ ਐਕਟ 2015 ਦੀ ਧਾਰਾ 3(1)(ਏ) ਤਹਿਤ ਮਾਮਲਾ ਦਰਜ ਕੀਤਾ ਹੈ।

ਪਿੰਡ ਵਾਸੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਦਲਿਤ ਔਰਤ ਸ਼ਿਵੰਮਾ ਪਿੰਡ ਹੇਗਗੋੜਾ ਵਿਚ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਆਈ ਹੋਈ ਸੀ ਤਾਂ ਦੁਪਹਿਰ ਕਰੀਬ 1 ਵਜੇ ਉਹ ਕ੍ਰਿਸ਼ਨਾਦੇਵਰਾਯਾ ਮੰਦਰ ਦੇ ਕੋਲ ਇਕ ਟੈਂਕੀ ਕੋਲ ਪਾਣੀ ਪੀਣ ਲਈ ਗਈ। ਪਿੰਡ ਦੇ ਲਿੰਗਾਇਤ ਨੇਤਾ ਮਹਾਦੇਵੱਪਾ ਨੇ ਕਥਿਤ ਤੌਰ 'ਤੇ ਉਸ ਨਾਲ ਇਹ ਕਹਿ ਕੇ ਦੁਰਵਿਵਹਾਰ ਕੀਤਾ ਕਿ ਉਹ ਨੀਵੀਂ ਜਾਤ ਨਾਲ ਸਬੰਧਤ ਹੈ ਅਤੇ ਉਸ ਨੂੰ ਟੈਂਕੀ ਤੋਂ ਪਾਣੀ ਨਹੀਂ ਪੀਣਾ ਚਾਹੀਦਾ ਸੀ। ਚਾਮਰਾਜਨਗਰ ਜ਼ਿਲ੍ਹੇ ਦੇ ਇੰਚਾਰਜ ਮੰਤਰੀ ਵੀ ਸੋਮੰਨਾ ਨੇ ਕਿਹਾ ਕਿ ਉਹ ਅਜਿਹੇ ਵਿਤਕਰੇ ਨੂੰ ਬਰਦਾਸ਼ਤ ਨਹੀਂ ਕਰਨਗੇ ਅਤੇ ਅਧਿਕਾਰੀਆਂ ਨੂੰ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।ਮਾਮਲੇ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਦਲਿਤ ਔਰਤ ਨਾਲ ਹੋਏ ਇਸ ਰਵੱਈਏ ਦੀ ਕਾਫੀ ਆਲੋਚਨਾ ਹੋਈ ਸੀ। ਇਸ ਤੋਂ ਬਾਅਦ ਐਤਵਾਰ ਨੂੰ ਸਮਾਜ ਭਲਾਈ ਵਿਭਾਗ ਦੇ ਅਧਿਕਾਰੀਆਂ ਨੇ ਪਿੰਡ ਦਾ ਦੌਰਾ ਕਰਕੇ ਪਿੰਡ ਦੇ 20 ਦੇ ਕਰੀਬ ਦਲਿਤ ਲੋਕਾਂ ਨੂੰ ਇਲਾਕੇ ਦੀਆਂ ਸਾਰੀਆਂ ਜਨਤਕ ਟੂਟੀਆਂ ਤੋਂ ਪਾਣੀ ਪੀਣ ਲਈ ਕਿਹਾ। ਤਹਿਸੀਲਦਾਰ ਆਈਈ ਬਸਵਰਾਜੂ ਨੇ ਵੀ ਪਿੰਡ ਵਾਸੀਆਂ ਨਾਲ ਗੱਲਬਾਤ ਕਰਕੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

ਅਮਰੀਕਾ 'ਚ ਨੌਕਰੀ ਗੁਆਉਣ ਵਾਲੇ ਭਾਰਤੀਆਂ 'ਤੇ ਕਰਜ਼ੇ ਦਾ ਬੋਝ

ਵਾਸਿੰਗਟਨ:-ਟਵਿੱਟਰ, ਮੈਟਾ ਅਤੇ ਐਮਾਜ਼ਾਨ ਵਰਗੀਆਂ ਟੈਕ ਕੰਪਨੀਆਂ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਨੌਜਵਾਨ 'ਨਵੀਆਂ ਨੌਕਰੀਆਂ ਲੱਭ' ਰਹੇ ਹਨ। ਵਿਸ਼ਵ ਭਰ ਵਿੱਚ ਨੌਕਰੀਆਂ ਉੱਪਰ ਨਜ਼ਰ ਰੱਖਣ ਵਾਲੀ ਵੈਬਸਾਈਟ ਲੇਆਫ਼ਸ ਡਾਟ ਐਫ਼ਆਈਆਈ ਮੁਤਾਬਕ ਦੁਨੀਆਂ ਵਿੱਚ 120,000 ਲੋਕਾਂ ਦੀਆਂ ਨੌਕਰੀਆਂ ਜਾ ਚੁੱਕੀਆਂ ਹਨ। ਅਮਰੀਕਾ ਵਿੱਚ ਐੱਚ-1 ਬੀ ਅਤੇ ਦੂਜੇ ਵੀਜ਼ਿਆਂ ਉੱਪਰ ਕੰਮ ਕਰਨ ਵਾਲੇ ਵੱਡੀ ਗਿਣਤੀ ਵਿੱਚ ਭਾਰਤੀਆਂ ਦੀਆਂ ਨੌਕਰੀਆਂ ਗਈਆਂ ਹਨ। ਅਮਰੀਕਾ ਦੇ ਕੈਲੋਫੋਰਨੀਆਂ ਵਿੱਚ ਰਹਿਣ ਵਾਲੀ ਪੱਤਰਕਾਰ ਸਵਿਤਾ ਪਟੇਲ ਨੇ ਭਾਰਤੀ ਮੂਲ ਦੇ ਕਈ ਲੋਕਾਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਨੂੰ ਜਾਂ ਤਾਂ ਨਵੀਂ ਨੌਕਰੀ ਲੱਭਣੀ ਪੈਣੀ ਹੈ ਜਾਂ ਵਾਪਸ ਭਾਰਤ ਆਉਣਾ ਪੈਣਾ ਹੈ। ਨੌਕਰੀ ਗਵਾਉਣ ਵਾਲੀ ਇਕੱ ਔਰਤ ਨੇ ਕਿਹਾ ਕਿ "ਮੈਂ ਇਸ ਨੂੰ ਟੈਕ ਮਹਾਂਮਾਰੀ ਕਹਿੰਦੀ ਹਾਂ। ਦਸ ਹਜ਼ਾਰ ਲੋਕ ਐਮਾਜ਼ਾਨ ਵਿੱਚੋਂ ਅਤੇ ਟਵਿੱਟਰ 'ਚ ਕੰਮ ਕਰਨ ਵਾਲੇ ਅੱਧੇ ਲੋਕਾਂ ਦੀ ਨੌਕਰੀ ਚਲੀ ਗਈ ਹੈ।"ਇਸ ਔਰਤ ਨੂੰ ਲਿਫ਼ਟ ਨਾਮ ਦੀ ਕੰਪਨੀ ਵਿੱਚ ਚਾਰ ਸਾਲ ਕੰਮ ਕਰਨ ਤੋਂ ਬਾਅਦ ਕੱਢ ਦਿੱਤਾ ਗਿਆ।

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਬਨਾਮ ਇਨਸਾਫ

ਲੰਘੇ ਦਿਨੀਂ ਕੋਟਕਪੂਰਾ ਵਿਖੇ ਡੇਰਾ ਪ੍ਰੇਮੀ ਪ੍ਰਦੀਪ ਉਰਫ ਰਾਜੂ ਦਾ ਕਤਲ ਹੋਇਆ ਹੈ। ਕਤਲ ਹੋਇਆ ਵਿਅਕਤੀ ਡੇਰਾ ਸਿਰਸਾ ਨਾਲ ਸਬੰਧਿਤ ਸੀ ਅਤੇ ਸਾਲ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਵਿੱਚ ਉਸ ਦਾ ਨਾਮ ਬੋਲ ਰਿਹਾ ਸੀ। ਵੀਰਵਾਰ ਸਵੇਰੇ ਸੱਤ ਵਜੇ ਡੇਰਾ ਪ੍ਰੇਮੀ ਨੂੰ ਹਰੀ ਨੌ ਰੋਡ ਸਥਿਤ ਦੁਕਾਨ 'ਤੇ ਛੇ ਅਣਪਛਾਤੇ ਹਮਲਾਵਾਰਾਂ ਨੇ ਗੋਲੀਆਂ ਮਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ, ਜਿਸ ਦੀ ਮਗਰੋਂ ਮੌਤ ਹੋ ਗਈ ਸੀ। ਹਮਲੇ ਦੌਰਾਨ ਡੇਰਾ ਪ੍ਰੇਮੀ ਦਾ ਸੁਰੱਖਿਆ ਗਾਰਡ ਹਾਕਮ ਸਿੰਘ ਤੇ ਗੁਆਂਢੀ ਸਾਬਕਾ ਕੌਂਸਲਰ ਅਮਰ ਸਿੰਘ ਵੀ ਜ਼ਖ਼ਮੀ ਹੋ ਗਏ ਸਨ।

ਰਣਜੀਤ ਸਿੰਘ ਕਮਿਸ਼ਨ ਦੇ ਲੇਖੇ (ਰਿਪੋਰਟ) ਦੇ ਮੁਤਾਬਿਕ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਵੱਲੋਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਦੀ ਯੋਜਨਾ ਬਣਾਉਣ ਵਿਚ ਪ੍ਰਦੀਪ ਸ਼ਾਮਲ ਸੀ। ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਸਾਹਿਬ ਦਾ ਸਰੂਪ ਚੋਰੀ ਕਰਨ ਲਈ ਬਿੱਟੂ ਵੱਲੋਂ ਪ੍ਰਦੀਪ ਤੇ ਇਕ ਹਰਸ਼ ਧੂਰੀ ਨਾਂ ਦੇ ਦੋਸ਼ੀ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ ਹੀ ਸੁਖਜਿੰਦਰ ਤੇ ਰਣਦੀਪ ਨਾਂ ਦੇ ਦੋਸ਼ੀਆਂ ਨੂੰ ਚੁਣਿਆ ਗਿਆ ਤੇ ਬਾਅਦ 'ਚ ਇਹਨਾਂ ਦੋਵਾਂ ਨੇ ਹੀ ਗੁਰੂ ਸਾਹਿਬ ਦਾ ਸਰੂਪ ਚੋਰੀ ਕੀਤਾ ਸੀ। ਗੁਰੂ ਸਾਹਿਬ ਦੇ ਕੁਝ ਅੰਗ ਪ੍ਰਦੀਪ ਨੂੰ ਵੀ ਫੜਾਏ ਗਏ ਸਨ। ਬਿੱਟੂ ਵੱਲੋਂ ਪ੍ਰਦੀਪ ਨੂੰ ਯੋਜਨਾ ਮੁਤਾਬਿਕ ਪਹਿਲਾਂ ਹੀ ਕਿਹਾ ਗਿਆ ਸੀ ਕਿ ਇਹ ਅੰਗ ਤੂੰ ਕੋਟਕਪੂਰਾ ਤੋਂ ਹਰੀਨੌਂ ਪਿੰਡ ਨੂੰ ਜਾਂਦੀ ਸੜਕ 'ਤੇ ਸੁੱਟਣੇ ਹਨ ਪਰ ਅਗਲੇ ਦਿਨ ਬਰਗਾੜੀ ਦੀਆਂ ਗਲੀਆਂ ਵਿਚੋਂ ਗੁਰੂ ਸਾਹਿਬ ਦੇ ਪਾਵਨ ਅੰਗ ਮਿਲਣ 'ਤੇ ਸਿੱਖਾਂ 'ਚ ਪੈਦਾ ਹੋਏ ਰੋਹ ਕਰਕੇ ਭਾਰੀ ਰੋਸ ਵਿਖਾਵੇ ਸ਼ੁਰੂ ਹੋ ਗਏ ਅਤੇ ਰਣਜੀਤ ਸਿੰਘ ਕਮਿਸ਼ਨ ਦੇ ਲੇਖੇ (ਰਿਪੋਰਟ) ਮੁਤਾਬਿਕ ਇਹ ਵੇਖ ਕੇ ਪ੍ਰਦੀਪ ਡਰ ਗਿਆ ਤੇ ਉਹਨੇ ਗੁਰੂ ਸਾਹਿਬ ਦੇ ਅੰਗ ਜੋ ਹਰੀਨੌਂ ਪਿੰਡ ਨੂੰ ਜਾਂਦੀ ਸੜਕ 'ਤੇ ਸੁੱਟਣੇ ਸਨ ਉਹ ਹਰੀਨੌਂ ਪਿੰਡ ਦੇ ਇਕ ਨਾਲੇ ਵਿਚ ਸੁੱਟ ਦਿੱਤੇ। ਦੱਸਿਆ ਜਾ ਰਿਹਾ ਹੈ ਕਿ ਹੁਣ ਪ੍ਰਦੀਪ ਜਮਾਨਤ 'ਤੇ ਬਾਹਰ ਆਇਆ ਹੋਇਆ ਸੀ ਤੇ ਉਸ ਨੂੰ ਸੁਰੱਖਿਆ ਵੀ ਮਿਲੀ ਹੋਈ ਸੀ। ਜਿਕਰਯੋਗ ਹੈ ਕਿ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੋਏ 7 ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ। ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਡੇਰਾ ਪ੍ਰੇਮੀ ਗੁਰਦੇਵ ਦਾ ਜੂਨ 2016 ਵਿੱਚ ਗੋਲੀਆਂ ਮਾਰ ਕੇ ਕਤਲ, ਇਸ ਤੋਂ ਬਾਅਦ ਡੇਰਾ ਸੱਤਪਾਲ ਸ਼ਰਮਾ ਅਤੇ ਰਮੇਸ਼ ਕੁਮਾਰ ਦਾ 25 ਫਰਵਰੀ 2017 ਨੂੰ ਗੋਲੀਆਂ ਮਾਰ ਕੇ ਕਤਲ, ਬੇਅਦਬੀ ਦੇ ਦੋਸ਼ਾਂ ਵਿੱਚ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ 23 ਜਨਵਰੀ 2019 ਨੂੰ ਜੇਲ੍ਹ ਵਿੱਚ ਹੀ ਕਤਲ, ਇਸ ਤੋਂ ਬਾਅਦ ਜਨਵਰੀ 2020 ਵਿੱਚ ਮਨੋਹਰ ਲਾਲ ਦਾ ਗੋਲੀਆਂ ਮਾਰ ਕੇ ਕਤਲ ਅਤੇ 3 ਦਸੰਬਰ 2021 ਨੂੰ ਚਰਨ ਦਾਸ ਵਾਸੀ ਮੁਕਤਸਰ ਦਾ ਵੀ ਕਤਲ ਕਰ ਦਿੱਤਾ ਗਿਆ ਸੀ। ਪੁਲਸ ਸੁਰੱਖਿਆ ਮਿਲਣ ਦੇ ਬਾਵਜੂਦ ਹੁਣ ਪ੍ਰਦੀਪ ਸਿੰਘ ਦਾ ਹਰੀ ਨੌ ਰੋਡ ਕੋਟਕਪੂਰਾ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਬੇਅਦਬੀ ਦੇ ਦੋਸ਼ਾਂ ਵਿੱਚ ਘਿਰੇ ਫ਼ਰੀਦਕੋਟ ਜ਼ਿਲ੍ਹੇ ਦੇ ਸੱਤ ਡੇਰਾ ਪ੍ਰੇਮੀਆਂ ਨੂੰ ਜ਼ਿਲ੍ਹਾ ਪੁਲੀਸ ਨੇ ਸੁਰੱਖਿਆ ਮੁਹੱਈਆ ਕਰਵਾਈ ਹੋਈ ਹੈ। ਸਾਲ 2015 ਤੋਂ ਲਗਾਤਾਰ ਵੱਖ-ਵੱਖ ਸਰਕਾਰਾਂ ਗੁਰੂ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਇਨਸਾਫ ਕਰਨ ਦਾ ਦਾਅਵਾ ਕਰ ਰਹੀਆਂ ਹਨ ਪਰ ਅਜੇ ਤੱਕ ਕਿਸੇ ਨੇ ਵੀ ਆਪਣੀ ਕਹੀ ਗੱਲ ਨੂੰ ਪੂਰਾ ਨਹੀਂ ਕੀਤਾ। ਹੁਣ ਵੀ ਬਹਿਬਲ ਕਲਾਂ ਵਿਖੇ ਇਨਸਾਫ ਮੋਰਚਾ ਚੱਲ ਰਿਹਾ ਹੈ ਅਤੇ ਮੌਜੂਦਾ ਸਰਕਾਰ ਤੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਇਨਸਾਫ ਦੇ ਅਰਥ ਸੱਚ ਅਤੇ ਝੂਠ ਨੂੰ ਨਿਤਾਰਨਾ ਲਿਖਦੇ ਹਨ ਜਿਸ ਨੂੰ ਨਿਆਂ ਵੀ ਕਿਹਾ ਜਾਂਦਾ ਹੈ। ਪਰਕਾਸ਼ ਸਿੰਘ ਜੰਮੂ ਇਸ ਨੂੰ ਹੋਰ ਖੋਲਦਿਆਂ ਇਨਸਾਫ ਦੇ ਅਰਥ ਲਿਖਦੇ ਹਨ ਕਿ, ਕਨੂੰਨ ਵਿੱਚ ਉਹ ਆਦਰਸ਼ ਜਿਸ ਤੋਂ ਜੱਜਾਂ ਦੀ ਅਗਵਾਈ ਦੀ ਆਸ ਕੀਤੀ ਜਾਂਦੀ ਹੈ ਅਤੇ ਲੋਕਾਂ ਦੁਆਰਾ ਉਹ ਪ੍ਰਾਪਤ ਕਰਨ ਵਿੱਚ ਨਿਰਪੱਖਤਾ, ਜਿਸ ਦਾ ਉਹ ਹੱਕ ਰੱਖਦੇ ਹਨ। ਲੋਕਤੰਤਰੀ ਮੁਲਕਾਂ ਵਿੱਚ ਇਹ ਪ੍ਰੀਕਿਰਿਆ ਵੱਖ ਵੱਖ ਢਾਂਚਿਆਂ ਰਾਹੀਂ ਕੀਤੀ ਜਾਂਦੀ ਹੈ ਜਾਂ ਕੀਤੇ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ। ਇੰਡੀਆ ਦੇ ਮੌਜੂਦਾ ਢਾਂਚੇ ਇਨਸਾਫ ਦੇ ਮਸਲੇ ਉੱਤੇ ਪੱਖਪਾਤੀ ਹੋਣ ਕਰਕੇ ਸਵਾਲਾਂ ਦੇ ਘੇਰੇ ਵਿੱਚ ਹਨ। ਇਸ ਪੱਖਪਾਤ ਦੀ ਮਾਰ ਝੱਲ ਰਹੇ ਵਰਗ ਲਗਾਤਾਰ ਸੱਚ ਲਈ ਝੂਠ ਨਾਲ ਜੂਝ ਰਹੇ ਹਨ। ਇਹ ਪੱਖਪਾਤੀ ਰਵਈਆ ਇੱਥੇ ਅੱਜ ਤੋਂ ਨਹੀਂ ਹੈ ਸਗੋਂ ਜਦੋਂ ਤੋਂ 1947 ਵਿੱਚ ਸੱਤਾ ਤਬਦੀਲੀ ਹੋਈ ਉਦੋਂ ਤੋਂ ਹੀ ਇਹ ਜਾਰੀ ਹੈ। ਸਿਰਦਾਰ ਕਪੂਰ ਸਿੰਘ ਦੀ ਵੱਡੀ ਉਦਾਹਰਣ ਆਪਣੇ ਕੋਲ ਹੈ। ਉਸ ਤੋਂ ਬਾਅਦ ਲਗਾਤਾਰ ਬੇਇਨਸਾਫੀਆਂ ਅਤੇ ਪੱਖਪਾਤ ਦਾ ਸਿਲਸਿਲਾ ਜਾਰੀ ਹੈ। ਕੁਝ ਸਮਾਂ ਪਹਿਲਾਂ ਬਹਿਬਲ ਇਨਸਾਫ ਮੋਰਚੇ 'ਤੇ ਪੰਜਾਬ ਸਰਕਾਰ ਵੱਲੋਂ ਕੁਲਤਾਰ ਸਿੰਘ ਸੰਧਵਾਂ ਨੇ ਇਸ ਮਸਲੇ 'ਤੇ ਬੋਲਦਿਆਂ ਕਿਹਾ ਸੀ ਕਿ "ਮੈਂ ਪੰਥ ਨੂੰ ਇਹ ਵਿਸ਼ਵਾਸ਼ ਦਵਾਉਣਾ ਕਿ ਜਿੰਨੇ ਧੋਖੇ ਹੋਣੇ ਸੀ, ਹੋ ਗਏ। ਹੁਣ ਇਨਸਾਫ ਹੋਵੇਗਾ।" ਪਰ ਅਜੇ ਤੱਕ ਇਸ ਮਸਲੇ ਵਿੱਚ ਕੋਈ ਖਾਸ ਉੱਦਮ ਸਰਕਾਰ ਵੱਲੋਂ ਨਹੀਂ ਹੋਇਆ। ਪ੍ਰਦੀਪ ਦੇ ਕਤਲ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਮਨ ਕਾਨੂੰਨ ਦੀ ਵਿਵਸਥਾ ਸਬੰਧੀ ਬਿਆਨ ਦਿੱਤਾ ਕਿ ਸੂਬਾ ਸਰਕਾਰ ਕਿਸੇ ਵੀ ਕੀਮਤ 'ਤੇ ਅਮਨ ਸ਼ਾਂਤੀ ਨੂੰ ਭੰਗ ਨਹੀਂ ਹੋਣ ਦੇਵੇਗੀ ਅਤੇ ਦੁਸ਼ਮਣ ਤਾਕਤਾਂ ਨੂੰ ਮੂੰਹ ਤੋੜਵਾਂ ਜੁਆਬ ਦਿੱਤਾ ਜਾਵੇਗਾ।

ਅਮਨ ਕਨੂੰਨ ਸਿਰਫ ਇਨਸਾਫ 'ਤੇ ਹੀ ਖੜ੍ਹਾ ਰਹਿ ਸਕਦਾ ਹੈ। ਬਰਾਬਰਤਾ ਅਤੇ ਇਨਸਾਫ ਨਾਲ ਹੀ ਸ਼ਾਂਤੀ ਬਣੀ ਰਹਿ ਸਕਦੀ ਹੈ। ਧੱਕਾ ਅਤੇ ਪੱਖਪਾਤ ਲੋਕਾਂ ਨੂੰ ਬਹੁਤ ਸਮਾਂ ਰੋਕ ਕੇ ਨਹੀਂ ਰੱਖ ਸਕਦੇ। ਇਹ ਮਸਲਾ ਬਹੁਤ ਗੰਭੀਰ ਹੈ, ਇਸ 'ਤੇ ਸਰਕਾਰ ਨੂੰ ਪਹਿਲ ਦੇ ਅਧਾਰ 'ਤੇ ਕੰਮ ਕਰਨਾ ਚਾਹੀਦਾ ਹੈ ਅਤੇ ਬਣਦਾ ਇਨਸਾਫ ਕਰਨਾ ਚਾਹੀਦਾ ਹੈ। ਸਰਕਾਰ ਇਨਸਾਫ ਕਰਨ ਵਿੱਚ ਅਸਫਲ ਰਹੇਗੀ ਤਾਂ ਲੋਕਾਂ ਨੇ ਇੱਕ ਦਿਨ ਖੁਦ ਇਨਸਾਫ ਕਰਨ ਦੇ ਰਾਹ ਪੈਣਾ ਹੀ ਹੈ, ਇਹ ਅਟੱਲ ਸਚਾਈ ਹੈ।

ਮੋਹਨ ਭਾਗਵਤ ਵੱਲੋਂ ਸਿੱਖਾਂ ਖ਼ਿਲਾਫ਼ ਬਿਆਨਬਾਜ਼ੀ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ:ਗਰੇਵਾਲ

ਸ੍ਰੀ ਅਨੰਦਪੁਰ ਸਾਹਿਬ:ਆਰਐੱਸਐੱਸ ਮੁਖੀ ਮੋਹਨ ਭਾਗਵਤ ਵੱਲੋਂ ਸਿੱਖਾਂ ਖਿਲਾਫ਼ ਕੀਤੀ ਜਾ ਰਹੀ ਗਲਤ ਬਿਆਨਬਾਜ਼ੀ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਨਵ-ਨਿਯੁਕਤ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਬੀਤੇ ਦਿਨੀਂ ਆਰਐੱਸਐੱਸ ਮੁਖੀ ਨੂੰ ਚਿੱਠੀ ਰਾਹੀਂ ਲਿਖਿਆ ਸੀ ਕਿ ਸਿੱਖ ਕੌਮ ਨਾ ਤਾਂ ਦੂਸਰੀਆਂ ਕੌਮਾਂ ਦੇ ਕੰਮਾਂ-ਕਾਰਾਂ ਵਿਚ ਦਖਲ-ਅੰਦਾਜ਼ੀ ਕਰਦੀ ਹੈ ਅਤੇ ਨਾ ਹੀ ਆਪਣੇ ਧਰਮ ਵਿਚ ਕਿਸੇ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਕਰੇਗੀ। ਬੀਬੀ ਜਗੀਰ ਕੌਰ ਵੱਲੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਲੜੀ ਚੋਣ ਸਬੰਧੀ ਭਾਈ ਗਰੇਵਾਲ ਨੇ ਕਿਹਾ ਕਿ ਭਾਜਪਾ ਦੇ ਉਮੀਦਵਾਰ ਵਜੋਂ ਚੋਣ ਲੜਨ ਲਈ ਬੀਬੀ ਜੀ ਨੂੰ ਸਮੁੱਚੇ ਪੰਥ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਬਾਰੇ ਗਰੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਆਦੇਸ਼ ਜਾਰੀ ਕਰਨ ਅਸੀਂ ਧੰਨਵਾਦ ਕਰਨ ਲਈ ਜਾਵਾਂਗੇ।

ਰਾਜਾ ਵੜਿੰਗ ਨੇ ਅੰਮ੍ਰਿਤਪਾਲ ਦੀ ਹਥਿਆਰਾਂ ਨਾਲ ਤਸਵੀਰ ਸਾਂਝੀ ਕਰਦਿਆਂ ਦਿੱਤੀ ਇਹ ਸਲਾਹ

ਚੰਡੀਗੜ੍ਹ- ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਟਵੀਟ ਕਰ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਵੱਲੋਂ ਹਥਿਆਰਾਂ ਨੂੰ ਪ੍ਰਮੋਟ ਕਰਨ 'ਤੇ ਸਵਾਲ ਖੜ੍ਹੇ ਕੀਤੇ ਹਨ। ਰਾਜਾ ਵੜਿੰਗ ਨੇ ਟਵੀਟ ਕਰ ਕੇ ਕਿਹਾ ਹੈ ਕਿ ਉਹ ਹਥਿਆਰਾਂ ਨੂੰ ਉਤਸ਼ਾਹਿਤ ਨਾ ਕਰਨ। ਟਵੀਟ ਵਿਚ ਵੜਿੰਗ ਨੇ ਲਿਖਿਆ ਕਿ ਅਸੀਂ ਨੌਜਵਾਨਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ ਸਿੱਖੀ ਦੇ ਨੇੜੇ ਲਿਆਉਣ ਦਾ ਸੁਆਗਤ ਅਤੇ ਪ੍ਰਸ਼ੰਸਾ ਕਰਦੇ ਹਾਂ। ਤੁਹਾਨੂੰ ਗੁਰੂਆਂ ਦਾ ਵਾਸਤਾ, ਇਨ੍ਹਾਂ ਹਥਿਆਰਾਂ ਨੂੰ ਉਤਸ਼ਾਹਿਤ ਨਾ ਕੀਤਾ ਜਾਵੇ, ਜੋ ਕਿ ਅੰਤ 'ਚ ਹਿੰਸਾ ਦਾ ਕਾਰਨ ਬਣਦੇ ਹਨ। ਦੱਸ ਦਈਏ ਕਿ ਰਾਜਾ ਵੜਿੰਗ ਨੇ ਅੰਮ੍ਰਿਤਪਾਲ ਸਿੰਘ ਦੀ ਹਥਿਆਰਾਂ ਨਾਲ ਇਕ ਤਸਵੀਰ ਵੀ ਸਾਂਝੀ ਕੀਤੀ ਹੈ ਜਿਸ ਵਿਚ ਉਨ੍ਹਾਂ ਦੇ ਨਾਲ ਇਕ ਹੋਰ ਸਿੰਘ ਦਿਖ ਰਿਹਾ ਹੈ ਤੇ ਦੋਵਾਂ ਨੇ ਹੱਥਾਂ 'ਚ ਬੰਦੂਕਾਂ ਫੜੀਆਂ ਹੋਈਆਂ ਹਨ।

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

UNIVERSAL TENT RENTAL LTD.
PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.

Call today to book your special event
Jaswinder (Jessie) Thandi
Ph: 604.951.2905
Cell: 604.825.8588
Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987
NOW HIRING

*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning
Fast & Quality Service Reasonable Rates
Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

ਇਮਾਨ ਸਿੰਘ ਮਾਨ ਕਰਨਗੇ ਗੁਰਦੁਆਰਾ ਐਕਟ 87 ਅਧੀਨ ਆਉਂਦੇ 4 ਗੁਰੂਘਰਾਂ ਵਿਖੇ ਹੋਣ ਵਾਲੇ ਰੋਸ ਵਿਖਾਵਿਆਂ ਦੀ ਅਗਵਾਈ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ): ''ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਗੁਰਦੁਆਰਾ ਐਕਟ ਦੀ 87 ਧਾਰਾ ਅਧੀਨ ਆਉਦੇ ਗੁਰੂਘਰਾਂ ਜਿਨ੍ਹਾਂ ਦੀਆਂ ਪੰਜਾਬ ਸਰਕਾਰ ਵੱਲੋਂ ਬੀਤੇ 17 ਸਾਲਾਂ ਤੋਂ ਚੋਣਾਂ ਹੀ ਨਹੀ ਕਰਵਾਈਆ ਗਈਆ, ਉਸ ਸੰਬੰਧੀ ਪਾਰਟੀ ਵੱਲੋਂ ਸਮੁੱਚੇ ਉਨ੍ਹਾਂ ਗੁਰੂਘਰਾਂ ਜੋ 87 ਅਧੀਨ ਆਉਦੇ ਹਨ, ਉਥੇ ਰੋਸ਼ ਵਿਖਾਵੇ ਕੀਤੇ ਜਾ ਰਹੇ ਹਨ।

ਜਿਨ੍ਹਾਂ ਵਿਚ ਆਉਣ ਵਾਲੇ ਦਿਨਾਂ ਵਿਚ ਮਿਤੀ 21 ਨਵੰਬਰ ਨੂੰ ਗੁਰਦੁਆਰਾ ਨੌਵੀ ਪਾਤਸਾਹੀ ਨੰਦਪੁਰ (ਕਲੌੜ), 26 ਨਵੰਬਰ ਨੂੰ ਗੁਰਦੁਆਰਾ ਰਾਣਵਾ ਸਾਹਿਬ (ਖਮਾਣੋ) ਵਿਖੇ, 29 ਨਵੰਬਰ ਨੂੰ ਗੁਰਦੁਆਰਾ ਕਰਹਾਲੀ ਸਾਹਿਬ ਸਮਾਣਾ (ਪਟਿਆਲਾ), 30 ਨਵੰਬਰ ਨੂੰ ਗੁਰਦੁਆਰਾ ਸਾਹਿਬ ਭਗੜਾਣਾ ਵਿਖੇ ਰੋਸ਼ ਵਿਖਾਵੇ ਕੀਤੇ ਜਾਣਗੇ ।

ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਐਸ. ਜੀ.ਪੀ.ਸੀ. ਦੀਆਂ ਜੋ ਸੈਂਟਰ ਦੇ ਗ੍ਰਹਿ ਵਿਭਾਗ ਵੱਲੋਂ ਬੀਤੇ 11 ਸਾਲਾਂ ਤੋਂ ਜਰਨਲ ਚੋਣਾਂ ਨਹੀ ਕਰਵਾਈਆ ਜਾ ਰਹੀਆ ਅਤੇ ਜੋ ਗੁਰੂਘਰ ਗੁਰਦੁਆਰਾ ਐਕਟ ਦੀ 87 ਅਧੀਨ ਆਉਦੇ ਹਨ, ਧਾਰਾ 89 ਇਸ ਗੱਲ ਨੂੰ ਪ੍ਰਤੱਖ ਕਰਦੀ ਹੈ ਕਿ ਇਨ੍ਹਾਂ ਗੁਰੂਘਰਾਂ ਦੀਆਂ ਚੋਣਾਂ ਕਰਵਾਉਣਾ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਧਾਰਾ 94 ਪ੍ਰਤੱਖ ਕਰਦੀ ਹੈ ਕਿ ਇਨ੍ਹਾਂ ਲੋਕਲ ਕਮੇਟੀਆਂ ਤੇ ਗੁਰੂਘਰਾਂ ਦੀ ਚੋਣ ਦਾ ਸਮਾਂ 5 ਸਾਲ ਹੁੰਦਾ ਹੈ, ਇਨ੍ਹਾਂ ਦਾ ਅਮਲ ਲੰਮੇ ਸਮੇ ਤੋ ਨਾ ਹੋਣ ਦੀ ਬਦੌਲਤ ਸਮੁੱਚੇ ਪੰਜਾਬ, ਹਰਿਆਣਾ, ਚੰਡੀਗੜ੍ਹ ਯੂ.ਟੀ ਅਤੇ ਹਿਮਾਚਲ ਦੇ ਗੁਰੂਘਰਾਂ ਦੀਆਂ ਚੋਣਾਂ ਕਰਵਾਉਣ ਲਈ ਜ਼ਮਹੂਰੀਅਤ ਢੰਗ ਨਾਲ ਰੋਸ਼ ਵਿਖਾਵੇ ਕਰਨ ਅਤੇ ਸਰਕਾਰ ਨੂੰ ਇਹ ਚੋਣਾਂ ਕਰਵਾਉਣ ਲਈ ਮਜ਼ਬੂਰ ਕਰਨ ਲਈ ਕੀਤੇ ਜਾ ਰਹੇ ਹਨ।''

ਬਜਰੰਗ ਦਲ ਨੇ ਟੀਪੂ ਸੁਲਤਾਨ ਵੱਲੋਂ ਬਣਾਈ ਮਸਜਿਦ ਨੂੰ ਹਨੂੰਮਾਨ ਮੰਦਰ ਕਿਹਾ

ਬੈਂਗਲੁਰੂ: ਭਾਰਤ ਦੇ ਕਰਨਾਟਕ ਰਾਜ ਵਿੱਚ ਹਿੰਦੂ ਸੰਗਠਨ ਬਜਰੰਗ ਦਲ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਪਿਛਲੇ ਸਮੇਂ ਵਿੱਚ ਹਨੂੰਮਾਨ ਮੰਦਿਰ ਹੋਣ ਦਾ ਦਾਅਵਾ ਕਰਨ ਵਾਲੀ ਰਾਜ ਵਿੱਚ ਬਣੀ ਮਸਜਿਦ ਨੂੰ ਖਾਲੀ ਕਰਵਾਉਣ ਦੀ ਮੰਗ ਕੀਤੀ ਹੈ।ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮਾਂਡਿਆ ਜ਼ਿਲ੍ਹੇ ਦੇ ਇਤਿਹਾਸਕ ਕਸਬੇ ਸ੍ਰੀਰੰਗਪਟਨ ਵਿੱਚ ਸਥਿਤ ਜਾਮੀਆ ਮਸਜਿਦ ਵਿੱਚ ਹਿੰਦੂ ਦੇਵੀ-ਦੇਵਤਿਆਂ ਅਤੇ ਮੰਦਰਾਂ ਦੀਆਂ ਬਣਤਰਾਂ ਹਨ, ਇਸ ਲਈ ਮਸਜਿਦ ਨੂੰ ਤੁਰੰਤ ਖਾਲੀ ਕੀਤਾ ਜਾਣਾ ਚਾਹੀਦਾ ਹੈ ਅਤੇ ਹਿੰਦੂਆਂ ਨੂੰ ਮਸਜਿਦ ਵਿੱਚ ਇਸ਼ਨਾਨ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਗੱਲ ਦੇ ਸਬੂਤ ਹਨ ਕਿ ਮਸਜਿਦ ਕਦੇ ਹਿੰਦੂ ਮੰਦਰ ਸੀ। ਭਾਰਤੀ ਮੀਡੀਆ ਮੁਤਾਬਕ ਬਜਰੰਗ ਦਲ ਦੇ ਵਰਕਰਾਂ ਨੇ ਗਿਆਨਵਾਪੀ ਮਸਜਿਦ ਦੀ ਤਰਜ਼ 'ਤੇ ਮਸਜਿਦ ਦਾ ਮੁੜ ਸਰਵੇਖਣ ਕਰਨ ਦੀ ਮੰਗ ਕੀਤੀ ਹੈ।ਇਹ ਅਰਜ਼ੀ ਬਜਰੰਗ ਦਲ ਦੇ ਸੂਬਾ ਪ੍ਰਧਾਨ ਮੰਜੂਨਾਥ ਨੇ ਦਿੱਤੀ।ਇਸ ਤੋਂ ਪਹਿਲਾਂ ਹਿੰਦੂਤਵੀ ਸਮੂਹਾਂ ਨੇ ਅਧਿਕਾਰੀਆਂ ਤੋਂ ਮਸਜਿਦ 'ਚ ਆਰਤੀ ਕਰਨ ਦੀ ਇਜਾਜ਼ਤ ਮੰਗੀ ਸੀ।ਜਾਮੀਆ ਮਸਜਿਦ, ਜਿਸ ਨੂੰ ਮਸਜਿਦ ਆਲਾ ਵੀ ਕਿਹਾ ਜਾਂਦਾ ਹੈ, ਸ੍ਰੀਰੰਗਪਟਨਾ ਕਿਲੇ ਦੇ ਅੰਦਰ ਸਥਿਤ ਹੈ। ਇਹ ਕਿਲ੍ਹਾ 1786-87 ਵਿੱਚ ਟੀਪੂ ਸੁਲਤਾਨ ਦੇ ਰਾਜ ਦੌਰਾਨ ਬਣਾਇਆ ਗਿਆ ਸੀ। ਹਿੰਦੂਆਂ ਦਾ ਦਾਅਵਾ ਹੈ ਕਿ ਜਾਮੀਆ ਮਸਜਿਦ ਹਨੂੰਮਾਨ ਮੰਦਰ ਨੂੰ ਢਾਹ ਕੇ ਬਣਾਈ ਗਈ ਸੀ।

(ਮੁੱਖ ਪੰਨੇ ਦੀ ਬਾਕੀ)

ਰਿਹਾ ਹੈ।ਉਨਾ ਕਿਹਾ ਸਿੱਖ ਰਾਸ਼ਟਰ ਭਾਵ ਖ਼ਾਲਿਸਤਾਨ ਦੀ ਮੰਗ ਸਮੇਂ-ਸਮੇਂ ਉੱਤੇ ਉੱਠਦੀ ਰਹੀ ਹੈ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਦੱਸਿਆ ਕਿ 1940 ਵਿੱਚ ਪਹਿਲੀ ਵਾਰ ਡਾ. ਵੀਰ ਸਿੰਘ ਹੋਰਾਂ ਵੱਲੋਂ ਖਾਲਿਸਤਾਨ ਬਾਰੇ ਗੱਲ ਚਲਾਈ ਗਈ।ਜਦੋਂ ਪਾਕਿਸਤਾਨ ਦੇ ਮੁਸਲਿਮ ਲੀਗ ਦਾ ਰੈਜ਼ੁਲੇਸ਼ਨ ਆਇਆ ਤਾਂ ਇਸ ਦੇ ਰਿਐਕਸ਼ਨ ਵਜੋਂ ਡਾ. ਵੀਰ ਸਿੰਘ ਨੇ ਖਾਲਿਸਤਾਨ ਦਾ ਥੀਸਸ ਪੇਸ਼ ਕੀਤਾ ਸੀ।ਉਹ ਦੱਸਦੇ ਹਨ ਕਿ ਫ਼ਿਰ 1970ਵਿਆਂ ਵਿੱਚ ਲੰਡਨ ਤੋਂ ਚਰਨ ਸਿੰਘ ਪੰਛੀ ਅਤੇ ਸਾਥੀਆਂ ਨੇ ਖ਼ਾਲਿਸਤਾਨ ਦੀ ਗੱਲ ਅੱਗੇ ਤੋਰੀ। ਇਸ ਤੋਂ ਬਾਅਦ ਜਗਜੀਤ ਸਿੰਘ ਚੌਹਾਨ ਤੇ ਫ਼ਿਰ ਗੰਗਾ ਸਿੰਘ ਢਿੱਲੋਂ ਨੇ ਖਾਲਿਸਤਾਨ ਦੀ ਮੰਗ ਰੱਖੀ।ਜਗਤਾਰ ਸਿੰਘ ਇਹ ਵੀ ਦੱਸਦੇ ਹਨ ਕਿ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਕਹਿੰਦੇ ਰਹੇ ਹਨ ਕਿ ਅਸੀਂ ਖਾਲਿਸਤਾਨ ਲੋਕਤੰਤਰਿਕ ਤਰੀਕੇ ਨਾਲ ਲੈਣਾ ਚਾਹੁੰਦੇ ਹਾਂ।ਲੰਘੇ ਦਿਨਾਂ ਵਿੱਚ ਦੁਬਈ ਤੋਂ ਪੰਜਾਬ ਪਰਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਵੀ ਖਾਲਿਸਤਾਨ ਦੀ ਮੰਗ ਚੁੱਕਦੇ ਰਹੇ ਹਨ। ਇਸ ਤੋਂ ਇਲਾਵਾ ਸਿੱਖਸ ਫਾਰ ਜਸਟਿਸ ਜਥੇਬੰਦੀ ਦੇ ਗੁਰਪਤਵੰਤ ਪੰਨੂ ਨੇ ਵਾਰ-ਵਾਰ ਖਾਲਿਸਤਾਨ ਰੈਫ਼ਰੈਂਡਮ ਰਾਹੀਂ ਇਸ ਮੰਗ ਨੂੰ ਦੁਹਰਾਇਆ ਹੈ।ਸਿੱਖ ਰਾਸ਼ਟਰ ਦੀ ਗੱਲ ਕਰਦਿਆਂ ਜਥੇਦਾਰ ਹਰਪ੍ਰੀਤ ਸਿੰਘ ਨੇ ਭਾਰਤ ਸਰਕਾਰ ਤੋਂ ਸਿੱਖ ਕੈਦੀਆਂ ਦੀ ਰਿਹਾਈ ਦੀ ਵੀ ਮੰਗ ਕੀਤੀ ਹੈ।

TMG LOGISTICS INC.

Need Owner Operators

*Vancouver to California *California to Alberta Back Vancouver

*Vancouver to East USA Return

NOW HIRING

Good Paying Loads

Need Company Drivers

Single Driver Pay 52cents/mile

Team Drivers 32 cents/mile

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

ਬਾਦਲਾਂ ਦੀ ਨਜ਼ਰ 'ਚ ਅਕਾਲੀ ਦਲ ਦਾ ਮਤਲਬ ਹੈ ਉਹ ਪਾਰਟੀ ਜੋ ਬਾਦਲਾਂ ਤੇ ਕੇਵਲ ਬਾਦਲਾਂ ਨੂੰ ਵਜ਼ੀਰੀਆਂ ਲੈ ਦੇਵੇ

ਹਿੰਦੁਸਤਾਨ 'ਭਾਈ ਭਤੀਜਿਆਂ' ਦਾ ਖ਼ਿਆਲ ਰੱਖਣ ਵਾਲੇ ਹਾਕਮਾਂ ਦਾ ਦੇਸ਼, ਸ਼ੁਰੂ ਤੋਂ ਹੀ ਬਣਿਆ ਚਲਿਆ ਆ ਰਿਹਾ ਹੈ। ਜਿਥੇ ਕੋਈ ਰਿਸ਼ਤੇਦਾਰ ਮਿਲ ਜਾਏ, ਬਾਕੀ ਸੱਭ ਨੂੰ ਪਿੱਛੇ ਸੁਟ ਦਿਤਾ ਜਾਂਦਾ ਹੈ। ਵਜ਼ੀਰੀਆਂ ਤੇ ਅਹੁਦੇ ਵੰਡਣ ਵੇਲੇ ਵੀ ਰਿਸ਼ਤੇਦਾਰੀਆਂ ਨੂੰ ਪਹਿਲ ਦਿਤੀ ਜਾਂਦੀ ਹੈ। ਪਰ ਰਿਸ਼ਤੇਦਾਰਾਂ ਨੂੰ ਅਪਣੀ ਕੈਬਨਿਟ ਵਿਚ ਸਜਾਉਣ ਦਾ ਜੋ ਰੀਕਾਰਡ ਬਾਦਲ ਦੌਰ ਵਿਚ ਅਕਾਲੀਆਂ ਨੇ ਕਾਇਮ ਕੀਤਾ ਹੈ, ਉਸ ਨੂੰ ਤੋੜਨ ਦੀ 'ਹਿੰਮਤ' ਤਾਂ ਸਾਰੇ ਹਿੰਦੁਸਤਾਨ ਵਿਚ ਕਿਸੇ ਹੋਰ ਸਰਕਾਰ ਨੇ ਨਹੀਂ ਕੀਤੀ ਹੋਵੇਗੀ।ਜਵਾਹਰ ਲਾਲ ਨਹਿਰੂ ਅਪਣੀ ਬੇਟੀ ਇੰਦਰਾ ਗਾਂਧੀ ਨੂੰ ਵਜ਼ੀਰ ਬਣਾਉਣਾ ਚਾਹੁੰਦਾ ਸੀ ਉਹਨੂੰ ਹਰ ਥਾਂ ਅਪਣੇ ਨਾਲ ਲਿਜਾਂਦਾ ਸੀ ਤੇ ਅੱਗੇ ਅੱਗੇ ਰੱਖਣ ਦੀ ਕੋਸ਼ਿਸ਼ ਕਰਦਾ ਸੀ। ਅਪਣੇ ਜੀਵਨ ਵਿਚ ਤਾਂ ਉਹ ਕਿਸੇ ਇਕ ਵੀ ਰਿਸ਼ਤੇਦਾਰ ਨੂੰ ਅਪਣੀ ਕੈਬਨਿਟ ਵਿਚ ਵਜ਼ੀਰ ਨਹੀਂ ਬਣਾ ਸਕਿਆ ਹੋਣਾ। ਹੋਰ ਵੀ ਜਿਸ ਪਾਸੇ ਨਜ਼ਰ ਮਾਰਦਾ ਹਾਂ, ਕਿਸੇ ਹੋਰ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਨੇ ਏਨੀ 'ਹਿੰਮਤ' ਨਹੀਂ ਵਿਖਾਈ ਹੋਵੇਗੀ ਕਿ ਅਪਣੇ ਸਾਰੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਹੀ ਕੈਬਨਿਟ ਵਜ਼ੀਰ ਬਣਾ ਦੇਵੇ।ਇਹ 'ਹਿੰਮਤ' ਸਾਡੇ ਬਾਦਲਾਂ ਦੇ ਹਿੱਸੇ ਹੀ ਆਈ ਹੈ ਤੇ ਹੁਣ ਜਦ ਅਕਾਲੀ ਦਲ, ਅਪਣੇ ਇਤਿਹਾਸ ਦੇ ਸੱਭ ਤੋਂ ਮਾੜੇ ਦੌਰ 'ਚੋਂ ਲੰਘ ਰਿਹਾ ਹੈ, ਤਾਂ ਵੀ ਬਾਦਲ ਕਿਸੇ ਕੋਲੋਂ ਇਹ ਸੁਣਨ ਨੂੰ ਤਿਆਰ ਨਹੀਂ ਕਿ 'ਤੁਸੀ ਪਿੱਛੇ ਹਟ ਜਾਉ ਤਾਂ ਸਾਰਾ ਪੰਥ ਇਕੱਠਾ ਹੋ ਸਕਦਾ ਹੈ।' ਬਾਦਲ ਬੜੇ ਸਪੱਸ਼ਟ ਹਨ ਕਿ ਜੇ ਅਕਾਲੀ ਦਲ, ਬਾਦਲਾਂ ਲਈ ਕੇਂਦਰ ਤੇ ਪੰਜਾਬ ਵਿਚ ਅਰਥਾਤ ਦੋਹੀਂ ਥਾਈਂ ਵਜ਼ੀਰੀਆਂ ਦਾ ਪ੍ਰਬੰਧ ਕਰ ਸਕਦਾ ਹੈ ਤਾਂ ਤੇ ਇਹ ਅਕਾਲੀ ਦਲ ਹੈ ਵਰਨਾ ਬੇਸ਼ੱਕ ਭਸਮਾ ਭੂਤ ਹੋ ਜਾਏ। ਨਤੀਜੇ ਵਜੋਂ ਪਾਰਟੀ ਨੇ ਪੰਥ ਤੇ ਪੰਜਾਬ ਦੀ ਸੇਵਾ ਤਾਂ ਬੰਦ ਕਰ ਦਿਤੀ ਪਰ ਇਕੱਲੇ ਬਾਦਲਾਂ ਦੀ ਸੇਵਾ ਲਈ ਸਦਾ ਹੱਥ ਬੰਨ੍ਹੀ ਖੜੀ ਨਜ਼ਰ ਆਉਂਦੀ ਰਹੀ। ਹੋਰ ਤਾਂ ਹੋਰ, ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਵਾਲੇ ਵੀ ਕਦੇ ਨਹੀਂ ਕੁਸਕੇ ਕਿ ਪੰਥ ਦੇ ਭਲੇ ਲਈ ਬਣਾਈ

ਗਈ ਪਾਰਟੀ ਅੱਜ ਇਕ ਪ੍ਰਵਾਰ ਦੀ 'ਚਮਚੀ' ਕਿਉਂ ਬਣਾਈ ਜਾ ਰਹੀ ਹੈ?ਬਾਦਲਾਂ ਨੇ ਬਥੇਰੇ ਹੱਥ-ਪੈਰ ਮਾਰੇ ਕਿ ਬੀਜੇਪੀ ਨਾਲ ਸਮਝੌਤਾ ਕਰ ਕੇ ਤੇ ਪਾਰਟੀ ਨੂੰ ਵਰਤ ਕੇ ਅਪਣੇ ਪ੍ਰਵਾਰ ਲਈ ਇਕ ਵਜ਼ੀਰੀ ਤਾਂ ਬਚਾ ਕੇ ਰੱਖ ਲਈ ਜਾਏ। ਕਿਸਾਨੀ ਅੰਦੋਲਨ ਨੇ ਇਨ੍ਹਾਂ ਦਾ ਉਹ ਸੁਪਨਾ ਵੀ ਚੂਰ-ਚੂਰ ਕਰ ਦਿਤਾ। ਵੱਡੇ ਬਾਦਲ ਨੇ ਵੀ 'ਕਾਲੇ ਕਾਨੂੰਨਾਂ' ਦੀ ਹਮਾਇਤ ਵਿਚ ਉਚੇਚੀ ਪ੍ਰੈੱਸ ਕਾਨਫ਼ਰੰਸ ਕੀਤੀ ਪਰ ਅਖ਼ੀਰ ਮਜਬੂਰ ਹੋ ਕੇ ਵਜ਼ੀਰੀ ਛਡਣੀ ਹੀ ਪਈ। ਉਸ ਦੇ ਬਾਅਦ ਮਾਇਆਵਤੀ ਦੀ ਬੀਐਪੀ ਨਾਲ ਗੰਢ ਚਤਰਾਵਾ ਕੀਤਾ ਕਿ ਪੰਜਾਬ ਵਿਚ ਤਾਂ ਇਕ ਅੱਧ ਵਜ਼ੀਰੀ ਮਿਲ ਜਾਏ ਪਰ ਉਹ ਵੀ ਸਕੀਮ ਕਾਮਯਾਬ ਨਾ ਹੋ ਸਕੀ।

ਹੁਣ ਫਿਰ ਐਲਾਨ ਕਰ ਦਿਤਾ ਗਿਆ ਹੈ ਕਿ 'ਅਕਾਲੀ ਦਲ' ਹੋਰ ਕਿਸੇ ਪਾਰਟੀ ਨਾਲ ਗਠਜੋੜ ਨਹੀਂ ਕਰ ਸਕਦਾ ਤੇ ਜੇ ਕਰੇਗਾ ਤਾਂ ਕੇਵਲ ਬੀਜੇਪੀ ਨਾਲ ਹੀ ਕਰੇਗਾ। ਚਲੋ ਕਰ ਲਉ ਪਰ ਨਿਸ਼ਾਨਾ ਕੀ ਹੈ? ਸਿਰਫ਼ ਬਾਦਲ ਪ੍ਰਵਾਰ ਲਈ ਵਜ਼ੀਰੀਆਂ ਜਾਂ ਹੋਰ ਕੁੱਝ ਵੀ? ਪੰਜਾਬ ਵਿਚ ਤਾਂ ਅਗਲੀਆਂ ਚੋਣਾਂ 2027 ਵਿਚ ਹੀ ਹੋਣੀਆਂ ਹਨ। ਸੋ ਇਥੇ ਤਾਂ ਬੀਜੇਪੀ ਵਜ਼ੀਰੀ ਨਹੀਂ ਦਿਵਾ ਸਕਦੀ।

ਦਿੱਲੀ ਵਿਚ ਹੀ ਕੋਈ ਟੁੱਟੀ ਭੱਜੀ ਵਜ਼ੀਰੀ ਦੇ ਕੇ, ਕਾਰ ਕੋਠੀ ਦੇ ਸਕਦੀ ਹੈ। ਬੱਸ ਇਹੀ ਟੀਚਾ ਰਹਿ ਗਿਆ ਹੈ ਅਕਾਲੀ ਦਲ ਦਾ? ਚਲੋ ਏਨੀ ਹੀ ਸ਼ਰਤ ਰੱਖ ਲਉ ਕਿ ਬੰਦੀ ਸਿੰਘ ਰਿਹਾਅ ਕਰ ਦੇਵੇ ਤੇ ਚੰਡੀਗੜ੍ਹ ਪੰਜਾਬ ਨੂੰ ਦੇ ਦੇਵੇ ਤਾਂ ਬੀਜੇਪੀ ਨਾਲ ਸਮਝੌਤਾ ਕਰ ਲਵਾਂਗੇ। ਪਰ ਸ਼ਰਤ ਕੇਵਲ ਵਜ਼ੀਰੀ ਦੀ ਹੈ ਜੋ ਮੂੰਹੋਂ ਬੋਲ ਕੇ ਕਹੀ ਵੀ ਨਹੀਂ ਜਾ ਸਕਦੀ।

ਪਰ ਜ਼ਿਆਦਾ ਸਿਆਣਪ ਵਾਲਾ ਤੇ ਸੌਖਾ ਤਰੀਕਾ ਇਹ ਹੈ ਕਿ ਸਿੱਖਾਂ ਨਾਲ ਸਮਝੌਤਾ ਕਰ ਲਉ ਜੋ ਅਕਾਲੀ ਦਲ ਦੇ ਅਸਲ ਮਾਲਕ ਹਨ ਤੇ ਹੁਣ ਤਕ ਬਾਦਲਾਂ ਸਮੇਤ, ਸਾਰੇ ਸਿੱਖ ਲੀਡਰਾਂ ਨੂੰ ਵਜ਼ੀਰੀਆਂ ਬਖ਼ਸ਼ਦੇ ਆਏ ਹਨ। ਉਨ੍ਹਾਂ ਵਲ ਬਾਦਲਾਂ ਦਾ ਧਿਆਨ ਕਿਉਂ ਨਹੀਂ ਜਾਂਦਾ? ਉਹ ਤਾਂ ਮੁੱਖ ਮੰਤਰੀ ਵੀ ਬਣਾ ਸਕਦੇ ਹਨ ਤੇ ਬਣਾਂਦੇ ਆਏ ਵੀ ਹਨ। ਪਰ ਜਿਨ੍ਹਾਂ ਨੂੰ ਦਿੱਲੀ ਦੇ ਹਾਕਮਾਂ ਦੀ ਗ਼ੁਲਾਮੀ ਕਰਨ 'ਚੋਂ ਸੁੱਖ ਪ੍ਰਾਪਤ ਕਰਨ ਦੀ ਆਦਤ ਪੈ ਜਾਏ, ਉਹ ਅਪਣਿਆਂ ਦੇ ਗਲੇ ਲੱਗ ਕੇ ਸੁੱਖ ਲੈਣ ਦਾ ਸਵਾਦ ਹੀ ਭੁਲ ਜਾਂਦੇ ਹਨ। ਸਾਰੇ ਪੰਥ ਨੂੰ ਏਕੇ ਦੀ ਲੜੀ ਵਿਚ ਪਰੋ ਲਉ ਤਾਂ ਸ਼੍ਰੋਮਣੀ ਕਮੇਟੀ ਉਤੋਂ ਖ਼ਤਰਾ ਵੀ ਟਲ ਜਾਏਗਾ ਤੇ ਪੰਜਾਬ ਅਤੇ ਪੰਥ ਦੀ ਆਜ਼ਾਦੀ ਵਿਚੋਂ ਅਪਣੀ ਸ਼ਾਹੀ ਆਜ਼ਾਦੀ ਵੀ ਸੌਖਿਆਂ ਮਿਲ ਜਾਏਗੀ। ਅਕਾਲ ਤਖ਼ਤ ਵਾਲੇ ਤੇ ਸ਼੍ਰੋਮਣੀ ਕਮੇਟੀ ਵਾਲੇ ਸਿਆਣੇ ਹੋਣ ਤਾਂ ਉਹ ਵੀ ਇਨ੍ਹਾਂ ਨੂੰ ਸਮਝਾ ਲੈਣ ਕਿ ਸਾਰੇ ਪਾਸੇ ਟੱਕਰਾਂ ਮਾਰ ਕੇ, ਅਪਣਿਆਂ ਤੋਂ ਟੁਟ ਚੁਕੇ ਹੋ, ਹੁਣ ਤਾਂ ਸੰਭਲੋ ਤੇ ਸਾਰੇ ਪੰਥ ਨੂੰ ਇਕ ਕਰਨ ਦੀਆਂ ਤਦਬੀਰਾਂ ਸੋਚ ਕੇ ਹਕੀਕੀ ਰਾਜ ਕਾਇਮ ਕਰਨ ਵਲ ਧਿਆਨ ਦਿਉ। -ਸਪੋਕਸਮੈਨ

ਕੈਨੇਡਾ ਵਿਚ ਕਤਲ ਦੀਆਂ ਵਾਰਦਾਤਾਂ ਲਗਾਤਾਰ ਤੀਜੇ ਸਾਲ ਵਧੀਆਂ

ਟੋਰਾਂਟੋ- ਕੈਨੇਡਾ ਵਿਚ ਕਤਲੋ ਗਾਰਤ ਦਾ ਸਿਲਸਿਲਾ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ 2021 ਵਿਚ ਹੋਏ ਕਤਲਾਂ ਵਿਚੋਂ ਤਕਰੀਬਨ 25 ਫ਼ੀ ਸਦੀ ਗਿਰੋਹਾਂ ਨਾਲ ਸਬੰਧਤ ਸਨ। ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਮੁਤਾਬਕ ਲਗਾਤਾਰ ਤੀਜੇ ਸਾਲ ਮੁਲਕ ਵਿਚ ਹੱਤਿਆਵਾਂ ਦੀ ਗਿਣਤੀ ਨੇ ਪਿਛਲੇ ਵਰ੍ਹੇ ਨੂੰ ਮਾਤ ਦੇ ਦਿਤੀ ਅਤੇ ਕੁਲ 788 ਜਣਿਆਂ ਦਾ ਕਤਲ ਹੋਇਆ ਜੋ ਸਾਲ 2005 ਤੋਂ ਬਾਅਦ ਸਿਖਰਲਾ ਅੰਕੜਾ ਮੰਨਿਆ ਜਾ ਰਿਹਾ ਹੈ।

The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC

PAIN
*ICBC Covered *Extended Health Care
MSP Covered Premium Assistance under 10 treatments FREE

WE TREAT :	ਅਸੀਂ ਇਲਾਜ ਕਰਦੇ ਹਾਂ :
• BACK PAIN	• ਪਿੱਠ ਦੀ ਦਰਦ
• NECK PAIN	• ਗਰਦਨ ਦੀ ਦਰਦ
• HEEL PAIN	• ਅੱਡੀ ਦਾ ਦਰਦ
• SHOULDER PAIN	• ਮੋਢਿਆਂ ਦੀ ਦਰਦ
• KNEE PAIN	• ਗੋਡਿਆਂ ਦੀ ਦਰਦ
• SCIATICA NERVE PAIN	• ਸਕਾਈਟਿਕਾ ਨਰਵ ਦਰਦ

BEIJING ACUPUNCTURE & TCM CLINIC
604.496.5056



Dr. PARK HUN MYUNG
R.AC LEE SEUNG YEON
9631-136A ST SURREY (ACROSS SURREY MEMORIAL HOSPITAL)
EMAIL: HUNMYPARK@GMAIL.COM

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases
"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

ਸੰਯੁਕਤ ਰਾਸ਼ਟਰ ਦਾ ਸਕੱਤਰ ਜਨਰਲ ਅਮਰੀਕਾ ਦੀ ਕਠਪੁਤਲੀ:ਉੱਤਰੀ ਕੋਰੀਆ

ਸਿਓਲ:ਉੱਤਰੀ ਕੋਰੀਆ ਦੀ ਵਿਦੇਸ਼ ਮੰਤਰੀ ਚੋਏ ਸੋਨ ਹੁਈ ਨੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਤੇਰੇਸ ਨੂੰ 'ਅਮਰੀਕਾ ਦੀ ਕਠਪੁਤਲੀ' ਕਰਾਰ ਦਿੱਤਾ ਹੈ।ਉਨ੍ਹਾਂ ਉੱਤਰੀ ਕੋਰੀਆ ਵੱਲੋਂ ਹਾਲ ਹੀ 'ਚ ਕੀਤੀ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲ ਪਰਖ ਖਿਲਾਫ ਅਮਰੀਕਾ ਦੀ ਅਗਵਾਈ ਵਾਲੇ ਨਿੰਦਾ ਮਤੇ 'ਚ ਸ਼ਾਮਲ ਹੋਣ ਲਈ ਗੁਤੇਰੇਸ ਦੀ ਨਿਖੇਧੀ ਕੀਤੀ ਹੈ।ਗੁਤੇਰੇਸ ਨੇ ਮਿਜ਼ਾਈਲ ਪਰਖ ਦੀ ਸਖਤ ਨਿੰਦਾ ਕਰਦਿਆਂ ਉੱਤਰੀ ਕੋਰੀਆ ਨੂੰ ਕਿਸੇ ਵੀ ਹੋਰ ਭੜਕਾਊ ਕਾਰਵਾਈ ਤੋਂ ਤੁਰੰਤ ਬਚਣ ਲਈ ਆਪਣੀ ਅਪੀਲ ਨੂੰ ਦੁਹਰਾਇਆ ਸੀ। ਹੁਈ ਨੇ ਕਿਹਾ—ਮੈਂ ਅਕਸਰ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੂੰ ਅਮਰੀਕੀ ਵ੍ਹਾਈਟ ਹਾਊਸ ਜਾਂ ਇਸ ਦੇ ਵਿਦੇਸ਼ ਵਿਭਾਗ ਦੇ ਇੱਕ ਮੈਂਬਰ ਵਜੋਂ ਲੈਂਦੀ ਹਾਂ।

ਮੈਂ ਸਖਤ ਅਫਸੋਸ ਜਤਾਉਂਦੀ ਹੈ ਹਾਂ ਕਿ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਬਹੁਤ ਹੀ ਦੁਖਦਾਈ ਰਵੱਈਆ ਅਪਣਾਇਆ ਹੈ। ਉਹ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਉਦੇਸ਼ ਤੇ ਸਿਧਾਂਤਾਂ ਅਤੇ ਇਸ ਦੇ ਉਚਿਤ ਮਿਸ਼ਨ ਤੋਂ ਅਣਜਾਣ ਹਨ। ਇਸ ਦਾ ਉਦੇਸ਼ ਸਾਰੇ ਮਾਮਲਿਆਂ 'ਚ ਨਿਰਪੱਖਤਾ ਅਤੇ ਬਰਾਬਰੀ ਬਣਾਈ ਰੱਖਣਾ ਹੈ। ਹੁਈ ਨੇ ਗੁਤੇਰੇਸ 'ਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ 'ਚ ਉੱਤਰੀ ਕੋਰੀਆ ਦੀ ਮਿਜ਼ਾਈਲ ਪਰਖ ਨੂੰ ਲੈ ਕੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਉਂਦਿਆਂ ਕਿਹਾ—ਇਹ ਸਪੱਸ਼ਟ ਤੌਰ 'ਤੇ ਸਾਬਤ ਕਰਦਾ ਹੈ ਕਿ ਉਹ ਅਮਰੀਕਾ ਦੀ ਕਠਪੁਤਲੀ ਹਨ।

ਸੰਵੇਦਨਸ਼ੀਲਤਾ ਬਨਾਮ ਸੰਵੇਦਨਹੀਣਤਾ

ਭਾਰਤ ਦੇ ਸਾਬਕਾ ਚੀਫ਼ ਇਲੈਕਸ਼ਨ ਕਮਿਸ਼ਨਰ ਟੀ.ਐਨ. ਸ਼ੈਸਨ ਨੇ ਇੱਕ ਸੈਮੀਨਾਰ ਦੌਰਾਨ ਆਪਣੀ ਜ਼ਿੰਦਗੀ ਦਾ ਵਿਲੱਖਣ ਅਨੁਭਵ ਸਾਂਝਾ ਕੀਤਾ। ''ਜਦੋਂ ਮੈਂ ਭਾਰਤ ਦਾ ਚੀਫ਼ ਇਲੈਕਸ਼ਨ ਕਮਿਸ਼ਨਰ ਸਾਂ ਤਾਂ ਇੱਕ ਵਾਰ ਪਰਿਵਾਰ ਸਮੇਤ ਘੁੰਮਣ-ਫਿਰਨ ਦਾ ਪ੍ਰੋਗਰਾਮ ਬਣਾਇਆ। ਅਸੀਂ ਉੱਤਰ ਪ੍ਰਦੇਸ਼ ਵਿੱਚੋਂ ਲੰਘ ਰਹੇ ਸਾਂ ਕਿ ਅੰਬਾਂ ਦੇ ਬਾਗ਼ਾਂ ਦਾ ਬਹੁਤ ਹੀ ਸੋਹਣਾ ਦ੍ਰਿਸ਼ ਨਜ਼ਰ ਆਇਆ। ਮੈਂ ਗੱਡੀ ਰੁਕਵਾਈ ਅਤੇ ਆਪਣੀ ਪਤਨੀ ਨਾਲ ਸੜਕ 'ਤੇ ਟਹਿਲਣ ਲੱਗਾ। ਅੰਬਾਂ ਦੇ ਰੁੱਖ ਪੰਛੀਆਂ ਦੇ ਆਲ੍ਹਣਿਆਂ ਨਾਲ ਭਰੇ ਪਏ ਸਨ। ਮੇਰੀ ਪਤਨੀ ਨੇ ਚਿੜੀਆਂ ਦੇ ਆਲ੍ਹਣਿਆਂ ਦੀ ਬੁਣਤੀ ਨੂੰ ਰੀਝ ਨਾਲ ਨਿਹਾਰਿਆ ਅਤੇ ਦੋ ਆਲ੍ਹਣੇ ਆਪਣੇ ਨਾਲ ਲੈ ਕੇ ਜਾਣ ਦੀ ਇੱਛਾ ਪ੍ਰਗਟ ਕੀਤੀ। - ਪਾਇਲਟ ਗੱਡੀ 'ਤੇ ਤਾਇਨਾਤ ਪੁਲੀਸ ਕਰਮਚਾਰੀ ਨੇ ਇੱਕ ਆਜੜੀ ਮੁੰਡੇ ਨੂੰ ਆਵਾਜ਼ ਮਾਰੀ ਅਤੇ ਦੋ ਆਲ੍ਹਣੇ ਲਾਹੁਣ ਲਈ ਦਸ ਰੁਪਏ ਦਾ ਨੋਟ ਉਸ ਵੱਲ ਵਧਾਇਆ। ਲੇਕਿਨ ਉਸ ਮੁੰਡੇ ਨੇ ਨਾਂਹ ਵਿੱਚ ਸਿਰ ਹਿਲਾਇਆ। ਮੈਂ ਪਰਸ ਵਿੱਚੋਂ ਪੰਜਾਹ ਰੁਪਏ ਦਾ ਨੋਟ ਕੱਢਿਆ ਤਾਂ ਉਹ ਦੋ ਕਦਮ ਪਿੱਛੇ ਹਟ ਗਿਆ। ਪੁਲੀਸ ਕਰਮਚਾਰੀ ਕਹਿਣ ਲੱਗਾ ਤੂੰ ਜਾਣਦਾ ਨਹੀਂ ਇਹ ਕਿੰਨੇ ਵੱਡੇ ਅਫ਼ਸਰ ਹਨ।

ਉਹ ਆਜੜੀ ਮੁੰਡਾ ਕਹਿੰਦਾ ਗੱਲ ਅਫਸਰ ਜਾਂ ਪੈਸਿਆਂ ਦੀ ਨਹੀਂ, ਇਸ ਆਲ੍ਹਣੇ ਵਿਚ ਚਿੜੀਆਂ ਦੇ ਬੱਚੇ ਹਨ। ਇਨ੍ਹਾਂ ਦੀ ਮਾਂ ਇਨ੍ਹਾਂ ਲਈ ਖਾਣਾ ਇਕੱਠਾ ਕਰਨ ਗਈ ਹੈ ਜਦ ਉਹ ਚੁੰਝ ਵਿੱਚ ਚੋਗਾ ਲੈ ਕੇ ਸ਼ਾਮ ਨੂੰ ਪਰਤੇਗੀ ਤੇ ਬੱਚਿਆਂ ਦੀ ਭਾਲ ਵਿੱਚ ਇਕੱਲਾ-ਇਕੱਲਾ ਆਲ੍ਹਣਾ ਵੇਖੇਗੀ, ਝੱਟ-ਪਟ ਦੁੱਖ ਤੇ ਗਹਿਰੀ ਪੀੜ ਵਿੱਚ ਤੜਫੇਗੀ। ਉਹ ਤੜਫਣ ਮੈਥੋਂ ਸਹਾਰੀ ਨਹੀਂ ਜਾਣੀ। ਉਸ ਆਜੜੀ ਮੁੰਡੇ ਨੇ ਗਰਦਨ ਚੁੱਕ ਕੇ ਆਲ੍ਹਣਿਆਂ ਨੂੰ ਵੇਖਿਆ, ਉਸ ਦਾ ਚਿਹਰਾ ਮੋਮ ਵਾਂਗ ਪਿਘਲਿਆ ਹੋਇਆ ਸੀ। ਪਲ ਭਰ ਵਿੱਚ ਹੀ ਮੇਰਾ ਅਹੁਦਾ,ਡਿਗਰੀ, ਸ਼ੁਹਰਤ ਤੇ ਮਾਣ ਸਭ ਕੁਝ ਮਿੱਟੀ ਹੋ ਗਿਆ। ਉਸ ਮੁੰਡੇ ਸਾਹਮਣੇ ਮੇਰੀ ਹੋਂਦ ਸਰੋਂ ਦੇ ਦਾਣੇ ਤੋਂ ਵੀ ਛੋਟੀ ਸੀ। ਠੰਢੀ ਹਵਾ ਵਗ ਰਹੀ ਸੀ ਪਰ ਮੇਰੇ ਮੱਥੇ 'ਤੇ ਪਸੀਨਾ ਸਿੰਮ ਆਇਆ।

ਅਸੀਂ ਭਾਰੇ ਕਦਮਾਂ ਨਾਲ ਉੱਥੋਂ ਚੱਲ ਪਏ। ਲੰਬੇ ਸਮੇਂ ਤੱਕ ਇਸ ਗ਼ਲਤੀ ਅਤੇ ਪਛਤਾਵੇ ਦਾ ਭਾਰ ਮੇਰੇ ਦਿਲ 'ਤੇ ਰਿਹਾ। ਤੁਹਾਡੀ ਡਿਗਰੀ,ਅਹੁਦਾ, ਸ਼ੁਹਰਤ ਤੇ ਮਾਣ-ਸਨਮਾਨ, ਇਨ੍ਹਾਂ ਵਿੱਚੋਂ ਕਿਸੇ ਦਾ ਵੀ ਇਨਸਾਨੀਅਤ ਅਤੇ ਮਨੁੱਖਤਾ ਨਾਲ ਕੋਈ ਰਿਸ਼ਤਾ ਨਹੀਂ ਹੈ।

-ਗੁਰਪ੍ਰੀਤ ਸਿੰਘ ਤੂਰ

Punjab TRAVELS

ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਨਵੰਬਰ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰਗੱਦੀ ਦਿਵਸ ਗੁਰੂ ਗੋਬਿੰਦ ਸਿੰਘ ਜੀ ਦਾ, ਸ਼ਹੀਦੀ ਦਿਹਾੜਾ ਗੁਰੂ ਤੇਗ ਬਹਾਦਰ ਜੀ ਦਾ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ ਅਤੇ ਨਗਰ ਕੁੱਕੜ ਪਿੰਡ ਦੀਆਂ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ। ਇਹ ਅਖੰਡਪਾਠ ਸਾਹਿਬ 25 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 27 ਨਵੰਬਰ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*25 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ ਬੱਚੀ ਅਵਲੀਨ ਕੌਰ ਦੇ ਅਨੰਦਕਾਰਜ ਹੋਣਗੇ।

*26 ਨਵੰਬਰ ਦਿਨ ਸ਼ਨਿਚਰਵਾਰ ਨੂੰ ਬੱਚੀ ਮਨਪ੍ਰੀਤ ਕੌਰ ਅਤੇ ਕਾਕਾ ਹਰਮਨ ਸਿੰਘ ਦੇ ਅਨੰਦਕਾਰਜ ਹੋਣਗੇ।

*26 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਸੁਖਵਿੰਦਰ ਸਿੰਘ 2. ਭਾਈ ਨਰੰਜਣ ਸਿੰਘ 3. ਭਾਈ ਗੁਰਦੇਵ ਸਿੰਘ ਗਿੱਲ 4. ਭਾਈ ਜਗਦੀਸ਼ ਸਿੰਘ ਸਿੱਧੂ ਪਰਿਵਾਰ ਵੱਲੋਂ ਬੱਚੇ ਜਪਜੋਤ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ

*27 ਨਵੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਮਲੂਕ ਸਿੰਘ ਰੰਧਾਵਾ ਪਰਿਵਾਰ ਵੱਲੋਂ ਬੱਚੀ ਅਰਜੋਈ ਕੌਰ ਸਿੱਧੂ ਦੇ ਪਹਿਲੇ ਜਨਮ ਦਿਨ ਤੇ
2. ਭਾਈ ਜਸਵਿੰਦਰ ਸਿੰਘ ਮੁੰਡੀ ਪਰਿਵਾਰ ਵੱਲੋਂ ਆਪਣੀ ਪੋਤਰੀ ਅਮਾਨਤ ਕੌਰ ਮੁੰਡੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ

*27 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਸਵ. ਆਸ਼ਾ ਰਾਣੀ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਦੁਪਹਿਰ 12 ਵਜੇ ਹੋਵੇਗੀ।

*27 ਨਵੰਬਰ ਦਿਨ ਐਤਵਾਰ ਸਵੇਰੇ 11 ਵਜੇ ਬੀਬੀ ਦਲਜੀਤ ਕੌਰ ਬਾਜਵਾ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਦੁਪਹਿਰ 12.30 ਵਜੇ ਹੋਵੇਗੀ।

*27 ਨਵੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ।

1.ਬੀਬੀ ਪ੍ਰਭਜੋਤ ਕੌਰ ਪਰਿਵਾਰ 2.ਭਾਈ ਜਗਜੀਤਪਾਲ ਸਿੰਘ ਪਰਿਵਾਰ ਵੱਲੋਂ

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 778-713-5121, 604-590-3224, ਫੈਕਸ:604-572-3276

ਅਕਾਲ ਤਖ਼ਤ ਦੀ ਖੁਦਮੁਖਤਿਆਰੀ ਕਾਇਮ ਕਰਨ ਲਈ ਜਥੇਦਾਰ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਦੀ ਬਜਾਏ ਸਿੱਖ ਪੰਥ ਕਰੇ:ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ

ਚੰਡੀਗੜ੍ਹ: ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਕੇਂਦਰੀ ਸਿੰਘ ਸਭਾ ਅਤੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵੱਲੋਂ ਕਰਵਾਈ ਗੋਸ਼ਟੀ ਵਿੱਚ ਸਹਿਮਤੀ ਉਭਰੀ ਹੈ ਕਿ ਅਕਾਲ ਤਖ਼ਤ ਦੀ ਪ੍ਰਭੂਸੱਤਾ ਕਾਇਮ ਕਰਨ ਲਈ ਦੁਨੀਆ ਭਰ ਵਿੱਚ ਵਸਦੇ ਸਿੱਖ ਪੰਥ ਅਤੇ ਜਥੇਬੰਦੀਆਂ ਵੱਲੋਂ ਸੁਝਾਏ ਧਾਰਮਿਕ ਹਸਤੀਆਂ ਦੇ ਪੈਨਲ ਵਿੱਚੋਂ ਹੀ ਜਥੇਦਾਰ ਦੀ ਚੋਣ ਹੋਵੇ। ‘‘ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਬਹਾਲ ਕਰਨ ਦੇ ਮਸਲੇ’’ ਉੱਤੇ ਬੋਲਦਿਆਂ, ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਸਿੱਖ ਸਿੱਧਾਂਤ ਅਨੁਸਾਰ ਜਥੇਦਾਰ ਸਿੱਖ ਪੰਥ ਦੇ ਉਸ ਉੱਚੇ ਸੁੱਚੇ ਅਹੁਦੇ ਉਤੇ ਸ਼ੁਸੋਭਤ ਹੁੰਦਾ ਜਿੱਥੇ ਉਸ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਥ-ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਨੂੰ ਅਮਲੀ ਤੌਰ ਉੱਤੇ ਲਾਗੂ ਕਰਕੇ ਪੰਥ ਦੀ ਏਕਤਾ ਤੇ ਮਜ਼ਬੂਤੀ ਕਾਇਮ ਕਰਕੇ ਰੱਖੇ, ਪਰ ਅਫਸੋਸ ਹੈ ਕਿ ਮੌਜੂਦਾ ਦੌਰ ਵਿੱਚ ਜਥੇਦਾਰਾਂ ਦੀ ਪੰਥ ਰਾਹੀਂ ਚੋਣ ਕਰਨ ਦੀ ਬਜਾਏ, ਸ਼੍ਰੋਮਣੀ ਕਮੇਟੀ ਰਾਹੀਂ ਨਿਯੁਕਤੀ ਹੁੰਦੀ ਹੈ। ਇਸ ਪ੍ਰਕਿਰਿਆ ਰਾਹੀਂ ਬਣਿਆ ਜਥੇਦਾਰ ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਅਕਾਲੀ ਧੜ੍ਹੇ ਦੀ ਸਿਆਸਤ ਨੂੰ ਹੋਰ ਤਕੜਾ ਕਰਨ ਦਾ ਇਕ ਸੰਦ ਹੋ ਨਿਬੜਦਾ ਹੈ। ਗੋਸ਼ਟੀ ਵਿੱਚ ਸ਼ਾਮਿਲ ਸਿੱਖ ਵਿਦਵਾਨਾਂ ਨੇ ਇਹਨਾਂ ਵਿਚਾਰਾਂ ਦੀ ਪ੍ਰੋੜਤਾ ਕਰਦਾ ਸਰਬਸੰਮਤੀ ਨਾਲ ਪਾਸ ਕੀਤਾ। ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਹਰ ਪੰਥਕ ਸਿੱਖ ਦੀ ਪ੍ਰਭੂਸਤਾ ਦਾ ਪ੍ਰਤੀਕ ਹੈ। ਜੇ ਅਕਾਲ ਤਖ਼ਤ ਦਾ ਜਥੇਦਾਰ ਹੀ ਦੁਨਿਆਵੀ ਸੱਤਾ/ਸਿਆਸਤਦਾਨਾਂ ਦੇ ਸਿੱਧਾ/ਅਸਿੱਧਾ ਅਧੀਨ ਹੋਵੇਗਾ ਤਾਂ ਗੁਰੂ ਦਾ ਸਿੱਖ ਕਿਵੇਂ ਦੂਹਰੀ ਗੁਲਾਮੀ ਦਾ ਸ਼ਿਕਾਰ ਨਹੀਂ ਹੋਵੇਗਾ? ਕੇਂਦਰੀ ਯੂਨੀਵਰਸਿਟੀ ਪੰਜਾਬ ਦੇ ਸਾਬਕਾ ਚਾਂਸਲਰ ਅਤੇ ਪਦਮ ਸ੍ਰੀ ਸਰਦਾਰਾ ਸਿੰਘ ਜੌਹਲ ਦਾ ਕੁੰਜੀਵਤ ਭਾਸ਼ਣ, ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦੇ ਸਕੱਤਰ ਜਨਰਲ ਕਰਨਲ ਜਗਤਾਰ ਸਿੰਘ ਮੁਲਤਾਨੀ ਨੇ ਪੜਿਆ ਜਿਸ ਵਿੱਚ ਉਹਨਾਂ ਨੇ ਕਿਹਾ ਕਿ ਮੀਰੀ-ਪੀਰੀ ਦੇ ਪਹਿਰੇਦਾਰ ਅਕਾਲ ਤਖ਼ਤ ਦੀ ਉੱਚਤਾ ਈਸਾਈ ਧਰਮ ਦੇ ਪੋਪ ਤੋਂ ਵੀ ਅਸੂਲੀ ਤੌਰ ਉੱਤੇ ਵਧ ਹੈ ਇਸ ਕਰਕੇ ਜਥੇਦਾਰ ਦੀ ਚੋਣ ‘‘ਕਿਸੇ ਇਕ ਪਾਰਟੀ ਤੱਕ ਮਹਿਦੂਦ ਨਹੀਂ’’ ਹੋ ਸਕਦੀ ਬਲਕਿ ਉਹ ਦੁਨੀਆਂ ਵਿੱਚ ਰਹਿੰਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦਾ ਹੈ। ਪ੍ਰੋ ਕੇਹਰ ਸਿੰਘ ਅਤੇ ਡਾ. ਬਲਕਾਰ ਸਿੰਘ ਨੇ ਵੀ ਅਕਾਲ ਤਖ਼ਤ ਦੀ ਖੁਦਮੁਖਤਿਆਰੀ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਿਆਂ ਕਿਹਾ ਕਿ ਜਥੇਦਾਰ ਦੀ ਚੋਣ ਨੂੰ ਸ਼੍ਰੋਮਣੀ ਕਮੇਟੀ ਦੇ ਦਾਇਰੇ ਵਿੱਚੋਂ ਬਾਹਰ ਕੱਢਿਆ ਜਾਵੇ। ਸਿੱਖ ਚਿੰਤਕ ਹਰਸਿਮਰਨ ਸਿੰਘ ਨੇ ਕਿਹਾ ਅਕਾਲ ਤਖ਼ਤ ਦੀ ਅਜ਼ਾਦਦਾਨਾ ਹਸਤੀ ਖੜੀ ਕਰਨ ਨੂੰ ਵਿਧੀ ਵਿਧਾਨ ਬਣਾਇਆ ਜਾਵੇ। ਇਸ ਮੌਕੇ ਉੱਤੇ ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆਂ ਨੇ ਕਿਹਾ ਸ਼੍ਰੋਮਣੀ ਕਮੇਟੀ ਸਰਕਾਰੀ ਸਿੱਖਾਂ ਦੇ ਰਾਹੀ 1925 ਵਿੱਚ ਅੰਗਰੇਜ਼ੀ ਸਰਕਾਰ ਨੇ ਸਿੱਖ ਭਾਈਚਾਰੇ ਦੇ ਗਲ ਮੜ ਦਿੱਤੀ ਇਸ ਐਕਟ ਵਿੱਚ ਸਿਆਸਤਦਾਨਾਂ ਨੇ ਪਿਛਲੇ 100 ਸਾਲਾਂ ਵਿੱਚ ਇਕ ਵੀ ਸਿੱਖ-ਪੱਖੀ ਤਰਮੀਮ ਨਹੀਂ ਹੋਣ ਦਿੱਤੀ।

ਰਿਸ਼ੀ ਸੁਨਕ ਨੇ ਜੱਗੀ ਜੌਹਲ ਮਾਮਲੇ ‘ਤੇ ਦਿੱਤਾ ਗੋਲ ਮੋਲ ਜਵਾਬ

ਲੰਡਨ, (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਭਾਰਤੀ ਜੇਲ੍ਹ ‘ਚ ਬੰਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਬਾਰੇ ਬਰਤਾਨੀਆ ਦੀ ਸੰਸਦ ‘ਚ ਸਕਾਟਿਸ਼ਨੈਸ਼ਨਲ ਪਾਰਟੀ ਦੀ ਐਮ.ਪੀ. ਐਲੀਸਨ ਥਿਊਲਿਸ ਨੇ ਮੁੜ ਮਾਮਲਾ ਉਠਾਇਆ। ਉਨ੍ਹਾਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਤੋਂ ਸਵਾਲ ਪੁੱਛਿਆ ਕਿ ਭਾਰਤ ‘ਚ ਬੰਦ ਬਰਤਾਨਵੀ ਨਾਗਰਿਕ ਜੱਗੀ ਜੌਹਲ ਨੂੰ ਲੈ ਕੇ ਸਿੱਖ ਭਾਈਚਾਰਾ ਚਿੰਤਤ ਹੈ, ਕੀ ਜੀ 20 ਸੰਮੇਲਨ ‘ਚ ਉਨ੍ਹਾਂ (ਰਿਸ਼ੀ ਸੁਨਕ) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਦੌਰਾਨ ਜਗਤਾਰ ਸਿੰਘ ਜੱਗੀ ਜੌਹਲ ਦਾ ਮਾਮਲਾ ਉਠਾਇਆ, ਤਾਂ ਇਸ ਸਵਾਲ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਉਨ੍ਹਾਂ ਹਵਾਲਗੀ ਮੁੱਦੇ ‘ਤੇ ਗੱਲ ਕੀਤੀ ਹੈ, ਪਰ ਜੱਗੀ ਜੌਹਲ ਦਾ ਮਾਮਲਾ ਬਰਤਾਨੀਆ ਕਈ ਵਾਰ ਭਾਰਤ ਕੋਲ ਉਠਾ ਚੁੱਕਾ ਹੈ, ਬੀਤੇ ਸਮੇਂ ‘ਚ ਵਿਦੇਸ਼ ਮੰਤਰੀ ਨੇ ਭਾਰਤ ਕੋਲ ਜੱਗੀ ਜੌਹਲ ਬਾਰੇ ਗੱਲ ਕੀਤੀ ਸੀ।

ਬ੍ਰਿਟੇਨ ਦੇ ਲੈਸਟਰ ਸ਼ਹਿਰ ਵਿਚ ਫਿਰ ਹਿੰਦੂ ਮੁਸਲਿਮ ਤਣਾਅ ਵਧਣ ਦਾ ਖਦਸ਼ਾ

ਲੰਡਨ:ਬ੍ਰਿਟੇਨ ਦੇ ਸੰਸਦ ਮੈਂਬਰਾਂ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਬ੍ਰਿਟੇਨ ਸਥਿਤ ਹਿੰਦੂਤਵੀ ਕਾਰਕੁਨ ਬ੍ਰਿਟੇਨ ਅਤੇ ਖਾਸ ਕਰਕੇ ਲੈਸਟਰ ਵਿਚ ਫਿਰਕੂ ਤਣਾਅ ਨੂੰ ਹੋਰ ਭੜਕਾਉਣ ਦੀ ਯੋਜਨਾ ਬਣਾ ਰਹੇ ਹਨ। ਇੱਕ ਲੇਬਰ ਸੰਸਦ ਮੈਂਬਰ ਨੇ ਇੱਕ ਸਾਥੀ ਸੰਸਦ ਮੈਂਬਰ ਅਤੇ ਸਿੱਖ ਧਰਮ ਦੇ ਮੈਂਬਰਾਂ ਬਾਰੇ ਅਪਮਾਨਜਨਕ ਟਵੀਟ ਪ੍ਰਕਾਸ਼ਤ ਕਰਨ ਦੇ ਦੋਸ਼ ਲੱਗਣ ਤੋਂ ਬਾਅਦ ਆਪਣੀ ਅਖੌਤੀ ਭਾਰਤੀ ਚੈਰਿਟੀ ਤੋਂ ਆਪਣੀ ਸਰਪ੍ਰਸਤੀ ਵਾਪਸ ਲੈ ਲਈ। ਹਿੰਦੂਤਵੀ ਕਾਰਕੁਨ ਰਸ਼ਮੀ ਮਿਸ਼ਰਾ, ਜਿਸਨੂੰ ਇੱਕ ‘ਫੁੱਟਪਾਊ ਹਸਤੀ’ ਦਾ ਦਰਜਾ ਦਿੱਤਾ ਗਿਆ ਹੈ, ‘ਤੇ ਉਸ ਉੱਪਰ ਹਿੰਦੂ, ਮੁਸਲਿਮ ਅਤੇ ਸਿੱਖ ਭਾਈਚਾਰਿਆਂ ਦਰਮਿਆਨ ਤਣਾਅ ਵਧਾਉਣ ਦਾ ਦੋਸ਼ ਹੈ।

ਹੁਣ ਉਸਦੇ ਸਮਰਥਕ ਲੈਸਟਰ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਇਸ ਸਾਲ ਸਤੰਬਰ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਤਣਾਅ ਪਹਿਲਾਂ ਹੀ ਹਿੰਸਕ ਝੜਪਾਂ ਦਾ ਕਾਰਨ ਬਣ ਗਿਆ ਸੀ। ਪਰ ਹੁਣ ਇਹ ਡਰ ਹੈ ਕਿ ਇਸ ਤਰ੍ਹਾਂ ਦਾ ਕੋਈ ਵੀ ਵਿਰੋਧ ਸ਼ਹਿਰ ਵਿੱਚ ਵੱਖ-ਵੱਖ ਧਰਮਾਂ ਦੇ ਭਾਈਚਾਰਿਆਂ ਵਿਚਕਾਰ ਦੁਬਾਰਾ ਤਣਾਅ ਪੈਦਾ ਕਰ ਸਕਦਾ ਹੈ। ਤਨਮਨਜੀਤ ਸਿੰਘ ਢੇਸੀ, ਲੇਬਰ ਐਮਪੀ, ਨੂੰ ਵੀ ਸ਼੍ਰੀਮਤੀ ਮਿਸ਼ਰਾ ਦੀ ਚੈਰਿਟੀ ਦੁਆਰਾ ਟਵਿੱਟਰ ‘ਤੇ ਨਿਸ਼ਾਨਾ ਬਣਾਇਆ ਗਿਆ ਸੀ।

ਢੇਸੀ ਨੇ ਮੀਡੀਆ ਨੂੰ ਕਿਹਾ: ‘‘ਲੈਸਟਰ ਵਿੱਚ ਹਾਲ ਹੀ ਦੀਆਂ ਘਟਨਾਵਾਂ ਨੇ ਇਸ ਮਹਾਨ ਸ਼ਹਿਰ ਦੀ ਸਾਖ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਉਨਾ ਕਿਹਾ ਕਿ ‘‘ਭਾਈਚਾਰਿਆਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦੀ ਬਜਾਏ, ਇਹ ਬਿਹਤਰ ਹੋਵੇਗਾ ਜੇਕਰ ਸ਼੍ਰੀਮਤੀ ਮਿਸ਼ਰਾ ਅਤੇ ਉਸਦੇ ਸਹਿਯੋਗੀ ਸਮੁੱਚੇ ਸਮਾਜ ਨੂੰ ਇਕਜੁੱਟ ਕਰਨ ਲਈ ਕੰਮ ਕਰਨ’’।

ਮਾਉਵਾਦੀਆਂ ਨੇ ਵਾਹਨ ਸਾੜੇ

ਕਾਂਕੇਰ:ਮਾਓਵਾਦੀਆਂ ਨੇ ਭਾਰਤ ਦੇ ਛੱਤੀਸਗੜ੍ਹ ਰਾਜ ਵਿਚ ਵੱਖ-ਵੱਖ ਥਾਵਾਂ ‘ਤੇ ਤਿੰਨ ਵਾਹਨਾਂ, ਸੜਕ ਨਿਰਮਾਣ ਦੇ ਕੰਮ ਵਿਚ ਲੱਗੀਆਂ ਦੋ ਮਸ਼ੀਨਾਂ ਅਤੇ ਚਾਰ ਮੋਬਾਈਲ ਟਾਵਰਾਂ ਨੂੰ ਅੱਗ ਲਗਾ ਦਿੱਤੀ।

ਭਾਰਤੀ ਬਸਤੀਵਾਦੀ ਸ਼ਾਸਨ ਦਾ ਵਿਰੋਧ ਕਰਨ ਵਾਲੇ ਮਾਓਵਾਦੀਆਂ ਦੇ ਨਾਮ ਨਾਲ ਵਿਦਰੋਹ ਨੇ ਕਾਂਕੇਰ ਜ਼ਿਲ੍ਹੇ ਦੇ ਅੰਤਾਗੜ੍ਹ ਖੇਤਰ ਵਿੱਚ ਕਈ ਥਾਵਾਂ ‘ਤੇ ਬੈਨਰ ਅਤੇ ਪੋਸਟਰ ਲਗਾਏ ਹਨ। ਕਾਂਕੇਰ ਜ਼ਿਲ੍ਹੇ ਦੀ ਭਾਨੂਪ੍ਰਤਾਪਪੁਰ ਵਿਧਾਨ ਸਭਾ ਸੀਟ ਲਈ ਜ਼ਿਮਨੀ ਚੋਣ ਦਸੰਬਰ ਵਿੱਚ ਹੋਣੀ ਹੈ।

Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
› Brain and spinal cord injuries
› Fatality claims
› Chronic pain
› Soft tissue injuries
› All economic damages and losses
› Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-”Outstanding All Round Graduate over 3 years.”
- Admitted to the Bar of British Columbia in 1999

Mandeep Randhawa,
B.Sc., L.L.B (UBC)

TRIAL LAWYERS

MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

ਗੁਰਮੁਖ ਜਨਮ ਸਵਾਰ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

ਸੁਖਦੇਵ ਸਿੰਘ ਸਿੱਧੂ ਵਕੀਲਾਂਵਾਲਾ ਦਾ ਦੁਖਦਾਈ ਵਿਛੋੜਾ

ਜੋ ਵੀ ਜੀਵ ਇਸ ਧਰਤੀ 'ਤੇ ਪੈਦਾ ਹੋਇਆ ਹੈ ਆਪਣੇ ਸਵਾਸਾਂ ਰੂਪੀ ਪੂੰਜੀ ਭੋਗ ਕੇ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਂਦਾ ਹੈ। ਪਿੱਛੇ ਬਚ ਜਾਂਦੀਆਂ ਹਨ ਉਸ ਇਨਸਾਨ ਦੀਆਂ ਯਾਦਾਂ। ਆਪਣੇ ਪਰਿਵਾਰ ਦੇ ਮੈਂਬਰ ਦੇ ਤੁਰ ਜਾਣ ਦਾ ਘਾਟਾ ਹਰ ਕਿਸੇ ਇਨਸਾਨ ਲਈ ਅਸਹਿ ਹੁੰਦਾ ਹੈ ਪਰ ਬਹੁਤ ਹੀ ਸਤਿਕਾਰਯੋਗ ਸਖਸੀਅਤ ਸੁਖਦੇਵ ਸਿੰਘ ਸਿੱਧੂ ਉਹ ਇਨਸਾਨ ਸਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚੋਂ ਇਨਸਾਨੀਅਤ ਦੀ ਲੋਅ ਨੂੰ ਕਦੇ ਨਿੰਮਾ ਹੋਣ ਈ ਨਹੀਂ ਦਿੱਤਾ। ਉਹਨਾਂ ਦੀ ਚੜ੍ਹਦੀ ਕਲਾ ਵਾਲੀ ਸੋਚ ਅਤੇ ਅਗਾਂਹ ਵਧਣ ਦਾ ਹੌਸਲਾ ਹਮੇਸ਼ਾਂ ਸਾਡੀ ਰਹਿਨੁਮਾਈ ਕਰਦਾ ਰਹੇਗਾ। ਸਾਰੀ ਜ਼ਿੰਦਗੀ ਅੱਖਾਂ ਦੇ ਕੈਂਪ ਲਵਾਉਣ ਵਾਲਾ, ਜ਼ਿੰਦਗੀ ਦੇ ਅਖੀਰਲੇ 2 ਸਾਲ ਮਨੁੱਖਤਾ ਦੀ ਸੇਵਾ ਲਈ ਅੱਖਾਂ ਦਾ ਫ੍ਰੀ ਇਲਾਜ ਕਰਾਉਣ ਲਈ ਹਸਪਤਾਲ ਦੀ ਸੇਵਾ ਕਰਾਉਣ ਵਾਲਾ ਇਨਸਾਨ ਅੱਜ ਇਸ ਫ਼ਾਨੀ ਦੁਨੀਆ ਤੋਂ ਜਾਂਦਾ ਹੋਇਆ ਆਪਣੀਆਂ ਅੱਖਾਂ ਵੀ ਦਾਨ ਕਰ ਗਿਆ। ਵਾਹਿਗੁਰੂ ਜੀਉ ਨੇਕ ਰੂਹ ਨੂੰ ਆਪਣੇ ਪਵਿੱਤਰ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ। ਪਰਿਵਾਰ, ਰਿਸ਼ਤੇਦਾਰਾਂ, ਦੋਸਤਾਂ ਅਤੇ ਉਹਨਾਂ ਦੇ ਚਾਹੁਣ ਵਾਲਿਆਂ ਨੂੰ ਆਪਣਾ ਭਾਣਾ ਮਿੱਠਾ ਕਰਕੇ ਮੰਨਣ ਦਾ ਬਲ ਬਖ਼ਸ਼ਣਾ ।

ਸਵਰਗੀ ਸੁਖਦੇਵ ਸਿੰਘ ਬੈਸਟ ਵੇਅ ਮਨੀ ਐਕਸਚੇਂਜ ਦੇ ਸੀਈਓ ਸੋਨੀ ਸਿੱਧੂ ਦੇ ਸਤਿਕਾਰਯੋਗ ਪਿਤਾ ਜੀ ਸਨ। ਉਹ ਲਗਪਗ 72 ਸਾਲਾਂ ਦੇ ਸਨ। ਉਹ ਪਿਛਲੇ ਕੁਝ ਸਮੇਂ ਤੋ ਬੀਮਾਰ ਚਲੇ ਆ ਰਹੇ ਸਨ। ਸ. ਸੁਖਦੇਵ ਸਿੰਘ ਸਿੱਧੂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 27 ਨਵੰਬਰ ਨੂੰ ਫਰੇਜਰ ਰਿਵਰ ਫਿਊਨਰਲ ਹੋਮ 2061 ਰਿਵਰਸਾਈਡ ਰੋਡ ਐਬਟਸਫੋਰਡ ਵਿਖੇ ਬਾਦ ਦੁਪਹਿਰ 2.15 ਤੋ 3 ਵਜੇ ਤੱਕ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਖਾਲਸਾ ਦੀਵਾਨ ਸੁਸਾਇਟੀ ਸਾਊਥ ਫਰੇਜਰ ਵੇਅ ਐਬਟਸਫੋਰਡ ਵਿਖੇ ਬਾਦ ਦੁਪਹਿਰ 3.30 ਤੋ 4.30 ਵਜੇ ਤੱਕ ਹੋਵੇਗੀ।

ਜਿਕਰਯੋਗ ਹੈ ਕਿ ਸ. ਸੁਖਦੇਵ ਸਿੰਘ ਸਿੱਧੂ ਜਿਹਨਾਂ ਦਾ ਪਿਛਲਾ ਪਿੰਡ ਵਕੀਲਾਂਵਾਲਾ ਨੇੜੇ ਜੀਰਾ ਹੈ, ਸਮਾਜ ਸੇਵਾ ਦੇ ਖੇਤਰ ਵਿਚ ਹਮੇਸ਼ਾ ਵਧ ਚੜਕੇ ਹਿੱਸਾ ਲੈਂਦੇ ਸਨ। ਉਹਨਾਂ ਨੇ ਪਿਛਲੇ ਸਮੇਂ ਦੌਰਾਨ ਆਪਣੇ ਪਿੰਡ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਇਕ ਚੈਰੀਟੇਬਲ ਹਸਪਤਾਲ ਦੀ ਵੀ ਸਥਾਪਨਾ ਕੀਤੀ ਸੀ। ਉਹਨਾਂ ਦੇ ਸਦੀਵੀ ਵਿਛੋੜੇ ਨਾਲ ਸਮਾਜ ਨੂੰ ਵੱਡਾ ਘਾਟਾ ਪਿਆ ਹੈ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

ਸੋਨੀ ਸਿੱਧੂ 604-208-9000 ਜਾਂ ਸੇਵਕ ਸਿੰਘ ਧਾਲੀਵਾਲ 1-250-498-9876

CARE AFTER SUDDEN INJURIES

Qualicare®



ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ।ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

Care After Sudden Injuries

For clients recovering from motor vehicle accidents, competent and compliant Attendant Care Services is a must. At Qualicare, Attendant Care Services are offered under the direction of Care Experts who have extensive experience in their fields. Each Care Expert leads a team of certified, compassionate professionals.

When you partner with Qualicare, we promise to:

MAKE A COMPLEX PROCESS SIMPLE

With the Form 1 or care request in our hands, services can start as quickly as your client Needs them, often as soon as the same day. Plus, we'll proactively remind you when Extensions are coming due.

MAINTAIN METICULOUS, SHIFT-BY-SHIFT RECORDS

Our caregivers are highly trained in caring for clients who are rehabilitating from motor vehicle accidents and keep diligent, shift-by-shift records, so you're always proactively informed about how things are progressing.

MANAGE CLIENT EXPECTATIONS

Our team is available to answer your clients' calls 24/7, 365 days a year, so your time can be reserved for only the things that genuinely require your oversight.

From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.

ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

778-735-2474 ਜਾਂ 604-782-5605

For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

IN THE LOVING MEMORY OF
MATA HARDIAL KAUR SRAN

ਅੰਤਮ ਸਸਕਾਰ

Valley View Funeral Home

14644 72 Ave, Surrey, BC V3S 2E7

December 02, 2022

at 2 pm

ਅੰਤਮ ਅਰਦਾਸ ਅਤੇ ਕੀਰਤਨ

Guru Nanak Sikh Gurdwara

7050 120 St, Surrey, BC V3W 3M8

December 02, 2022

at 4 pm

For more information please call or text:

Jasmail Singh Sran: 604-825-4511

Sukhpal Singh Sran: 778-881-0961

DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events

Capacity 350-375 seats

For Bookings, Contact:

Ph:604-203-7272

7236 -120St, Surrey, BC Email:info@dreambanquethall.ca

JSW TRANSPORT LTD.

Canada & US Customs Bonded Carrier

Email:info@jswtransport.com

Looking for Qualified LONG TERM Class1 Drivers & Owner Operators

Qualifications and Skills

*Drivers must have valid class1 driver license *Drivers with work permit can apply too
*Driver must have valid US visa to cross the border *Must be able to take pre-employment drug & alcohal testing screen *6 month over the road expericence but fresh driver also welcome

*Good Abstract *No fault accident in 3 yrs.
*Ability to read Maps & plan routing
*Must know hours of service for both Canada & USA
*Have OK Communication Skill in English

LMIA Available

Call for more information at 604-595-1555 or Fax:800-556-2026

ਦੇਗ ਤੇਗ ਫਤਹਿ ਪੰਥ ਕੀ ਜੀਤ

ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530

ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*26 ਨਵੰਬਰ ਦਿਨ ਸ਼ਨੀਵਾਰ ਅੰਤਿਮ ਅਰਦਾਸ 3 ਵਜੇ ਮੇਨ ਹਾਲ ਵਿਖੇ ਨਮਿੱਤ ਸਵ. ਬਲਿਵੰਦਰ ਸਿੰਘ ਸੰਧੂ:ਵੱਲੋਂ ਸਮੂਹ ਸੰਧੂ ਪਰਿਵਾਰ

*26 ਨਵੰਬਰ ਦਿਨ ਸ਼ਨੀਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਘਰ ਵਿਖੇ ਪ੍ਰਿੰਸਦੀਪ ਸਿੰਘ ਗਿੱਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*27 ਨਵੰਬਰ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਘਰ ਵਿਖੇ ਕੁਲਜੀਤ ਸਿੰਘ ਗਿੱਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*29 ਨਵੰਬਰ ਦਿਨ ਮੰਗਲਵਾਰ ਤੋਂ 1 ਦਸੰਬਰ ਦਿਨ ਵੀਰਵਾਰ ਤੱਕ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ ਜੀ ਐਸ ਕਪੂਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

ਸਾਲਾਨਾ ਜਰਨਲ ਮੀਟਿੰਗ 2022

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਸੋਸਾਇਟੀ ਦੇ ਸਮੂਹ ਮੈਂਬਰ ਸਾਹਿਬਾਨ ਦੀ ਜਰਨਲ ਮੀਟਿੰਗ ਗੁਰਦਆਰਾ ਸਾਹਿਬ ਵਿਖੇ ਦਸੰਬਰ 4, ਦਿਨ ਐਤਵਾਰ ਨੂੰ ਦੁਪਿਹਰ 2 ਵਜੇ ਮੇਨ ਹਾਲ ਵਿਖੇ ਹੋਵੇਗੀ। ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਜਰਨਲ ਮੀਟਿੰਗ ਵਿੱਚ ਆਉਣ ਦੀ ਕ੍ਰਿਪਾਲਤਾ ਕਰਨੀ ਜੀ।ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਮੈਂਬਰਿਸ਼ਪ ਕਾਰਡ ਅਤੇ ਫੋਟੋ ਦਿਖਾਉਣਾ ਲਾਜ਼ਮੀ ਹੋਵੇਗਾ।

ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
*ਕਥਾ ਵਾਚਕ -ਭਾਈ ਜੈਵੀਰ ਸਿੰਘ
*ਰਾਗੀ ਜਥਾ ਭਾਈ ਰਣਜੋਧ ਸਿੰਘ ਜੀ ਫਰੀਦਕੋਟ ਵਾਲੇ
*ਢਾਢੀ ਜਥਾ-ਭਾਈ ਮਲਕੀਤ ਸਿੰਘ ਜੀ ਲੌਂਗੋਵਾਲ ਦਾ ਜਥਾ

ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

ਰਿਚਮੰਡ ਦਾ ਮਾਣ ਗੁਰੂ ਨਾਨਕ ਨਿਵਾਸ ਗੁਰਦਵਾਰਾ ਵਿਖੇ ਹੋਰਾਂ ਕਮਿਊਨਿਟੀਆਂ ਨੂੰ ਸਿੱਖ ਧਰਮ ਵਾਰੇ ਦਿੱਤੀ ਜਾਣਕਾਰੀ

ਰਿਚਮੰਡ-ਕੈਨੇਡਾ ਵਿਚ ਅਨੇਕਾਂ ਹੀ ਐਸੀਆਂ ਸੰਸਥਾਵਾਂ ਹਨ ਜੋ ਜਨਤਾ ਦੀ ਸੇਵਾ ਵਿਚ ਬਹੁਤ ਯੋਗਦਾਨ ਪਾ ਰਹੀਆਂ ਹਨ। ਇਹੋ ਜਿਹੀ ਇਕ ਸੰਸਥਾ ਯੂਥ ਵਿਦ ਏ ਮਿਸ਼ਨ ਹੈ (ਮਿਸ਼ਨ ਨਾਲ ਜੁੜੇ ਨੌਜਵਾਨ)।

ਇਹ ਨੌਜਵਾਨ ਅਲਬਰਟਾ ਦੇ ਸ਼ਹਿਰ ਪੈਰਾਡਾਈਜ ਵੈਲੀ ਦੇ ਚਰਚ ਨਾਲ ਜੁੜੇ ਹੋਏ ਹਾਈ ਸਕੂਲ ਦੇ ਹਨ। 9ਵੀਂ ਤੋਂ ਬਾਹਰਵੀਂ ਜਮਾਤ ਦੇ 25 ਦੇ ਕਰੀਬ ਵਿਦਿਆਰਥੀ, ਉਹਨਾਂ ਦੇ ਅਧਿਆਪਿਕ, ਅਤੇ ਚਰਚ ਲੀਡਰ 9 ਨਵੰਬਰ ਦਿਨ ਬੁਧਵਾਰ ਨੂੰ ਗੁਰਦਵਾਰਾ ਨਾਨਕ ਨਿਵਾਸ ਰਿਚਮੰਡ ਵਿਖੇ ਨਤਮਸਤਕ ਹੋਏ।

ਉਹ ਸਿੱਖ ਧਰਮ ਵਾਰੇ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਵਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਜਿਵੇਂ ਤੁਸੀਂ ਜਾਣਦੇ ਹੋ ਰਿਚਮੰਡ ਦਾ ਨੰਬਰ ਪੰਜ ਰੋਡ ਬਹੁਤ ਮਸ਼ਹੂਰ ਹੈ।

ਇਹ ਰਾਹ ਸਵਰਗ ਦੇ ਰਾਹ ਵਜੋਂ ਭੀ ਜਾਣਿਆ ਜਾਂਦਾ ਹੈ। ਰਿਚਮੰਡ ਦਾ ਹਾਈਵੇ ਟੂ ਹੈਵਨ (ਸਵਰਗ ਦਾ ਰਾਹ) ਇਸ ਸ਼ਹਿਰ ਦਾ ਸ਼ਿੰਗਾਰ ਹੈ।

ਇਸ ਸ਼ਹਿਰ ਦੇ ਨੰਬਰ ਪੰਜ ਰੋਡ ਉਪਰ ਇੰਡੀਆ

ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਸਭ ਤੋਂ ਪਹਿਲਾਂ ਬਨਣ ਵਾਲਾ ਧਾਰਮਿਕ ਅਸਥਾਨ ਸੀ। ਅੱਜ ਇਸ ਇਤਿਹਾਸਕ ਰਸਤੇ ਦੇ ਚੜ੍ਹਦੇ ਪਾਸੇ 25 ਦੇ ਕਰੀਬ ਧਾਰਮਿਕ ਅਸਥਾਨ ਰਿਚਮੰਡ ਸ਼ਹਿਰ ਦਾ ਮਾਣ ਵਧਾ ਰਹੇ ਹਨ।

ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਬਲਵੰਤ ਸਿੰਘ ਸੰਘੇੜਾ ਨੇ ਇਹਨਾਂ ਸੱਜਣਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸਥਾਰ ਵਿਚ ਸਿੱਖ ਧਰਮ ਅਤੇ ਆਪਣੀ ਕਮਿਊਨਿਟੀ ਵਾਰੇ ਜਾਣਕਾਰੀ ਦਿੱਤੀ।

ਇਹਨਾਂ ਦਰਸ਼ਕਾਂ ਨੇ ਬਹੁਤ ਹੀ ਸੂਝਵਾਨ ਸਵਾਲ ਪੁੱਛੇ। ਇਸ ਤੋਂ ਉਪਰੰਤ ਉਹਨਾਂ ਨੇ ਸਵਾਦੀ ਸਮੋਸਿਆਂ,ਚਾਹ ਅਤੇ ਕੇਕ ਦਾ ਅਨੰਦ ਮਾਣਿਆ।

ਜਾਣ ਤੋਂ ਪਹਿਲਾਂ ਉਹਨਾਂ ਨੇ ਗੁਰੂ ਘਰ ਦੇ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ। ਇਹੋ ਜਿਹੇ ਕਾਰਜਾਂ ਨਾਲ ਸਾਡੀ ਸਮੁੱਚੀ ਕਮਿਊਨਿਟੀ ਦਾ ਮਾਣ ਹੋਰ ਭੀ ਵਧਦਾ ਹੈ।

ਫੀਫਾ ਫੁੱਟਬਾਲ ਵਿਸ਼ਵ ਕੱਪ 'ਚ ਵੱਡਾ ਉਲਟ ਫੇਰ ਸਾਉਦੀ ਅਰਬ ਨੇ ਹਰਾਇਆ ਅਰਜਨਟੀਨਾ

ਦੋਹਾ-ਫੀਫਾ ਫੁੱਟਬਾਲ ਵਿਸ਼ਵ ਕੱਪ ਦੇ ਤੀਸਰੇ ਦਿਨ ਵੱਡਾ ਉਲਟ ਫੇਰ ਕਰਦੇ ਹੋਏ ਖ਼ਤਾਬ ਦੇ ਦਾਅਵੇਦਾਰ ਅਰਜਨਟੀਨਾ ਨੂੰ 2-1 ਨਾਲ ਹਰਾ ਦਿੱਤਾ। ਇਸ ਦੇ ਨਾਲ ਹੀ ਅਰਜਨਟੀਨਾ ਦੀ ਕਤਰ 'ਚ 36 ਮੈਚਾਂ ਦੀ ਅਜੇਤੂ ਲੜੀ ਟੁੱਟ ਗਈ। ਅਰਜਨਟੀਨਾ ਦੀ 36 ਮੈਚਾਂ ਵਿਚ ਪਹਿਲੀ ਹਾਰ ਹੈ ਅਤੇ 2009 ਤੋਂ ਬਾਅਦ ਪਹਿਲੀ ਵਾਰ ਕੋਈ ਮੈਚ ਹਾਰਿਆ ਹੈ ਜਿੱਥੇ ਮੈਸੀ ਨੇ ਗੋਲ ਕੀਤਾ ਹੈ।

ਕੈਨੇਡੀਅਨ ਸੰਸਦ ਮੈਂਬਰਾਂ ਨੇ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਕੀਤੀ

ਟੋਰਾਂਟੋ:ਕੈਨੇਡਾ ਵਿੱਚ ਸਿੱਖਾਂ ਅਤੇ ਪੰਜਾਬੀਆਂ ਦੇ ਜਨਸੰਖਿਆ ਨੂੰ ਦੇਖਦੇ ਹੋਏ ਕੰਜ਼ਰਵੇਟਿਵ ਸੰਸਦ ਮੈਂਬਰਾਂ ਨੇ ਕੈਨੇਡਾ ਤੋਂ ਪੰਜਾਬ ਦਰਮਿਆਨ ਸਿੱਧੀਆਂ ਉਡਾਣਾਂ ਚਲਾਉਣ ਦੀ ਮੰਗ ਏਅਰ ਕੈਨੇਡਾ ਤੋਂ ਕੀਤੀ ਹੈ। ਏਅਰ ਕੈਨੇਡਾ ਨੂੰ ਭੇਜੇ ਪੱਤਰ ਵਿੱਚ ਸੰਸਦ ਮੈਂਬਰਾਂ ਟਿਮ ਉੱਪਲ, ਜਸਰਾਜ ਸਿੰਘ, ਬ੍ਰੈਡਲੀ ਵਿਸ ਅਤੇ ਮਾਰਕ ਸਟ੍ਰਾਲ ਨੇ ਸੈਰ-ਸਪਾਟੇ ਨੂੰ ਹੁਲਾਰਾ ਦੇਣ ਅਤੇ ਪਰਿਵਾਰਾਂ ਨੂੰ ਜੋੜਨ ਲਈ ਕੈਨੇਡਾ ਅਤੇ ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਣਾਂ ਦੀ ਮੰਗ ਕੀਤੀ ਹੈ। ਅੰਦਾਜ਼ੇ ਮੁਤਾਬਕ ਭਾਰਤ ਤੋਂ ਇਕੱਲੇ ਟੋਰਾਂਟੋ ਤੱਕ ਹਰ ਸਾਲ ਪੰਜ ਲੱਖ ਯਾਤਰੀ ਸਫਰ ਕਰਦੇ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਪੰਜਾਬੀ ਹਨ। ਇਸ ਵੇਲੇ ਕੈਨੇਡਾ ਤੋਂ ਅੰਮ੍ਰਿਤਸਰ ਵਿਚਕਾਰ ਸਿੱਧੀਆਂ ਉਡਾਣਾਂ ਨਹੀਂ ਹਨ। ਏਸੇ ਤਰਾ ਵੈਨਕੂਵਰ ਤੋਂ ਵੀ ਸ੍ਰੀ ਅੰਮ੍ਰਿਤਸਰ ਨੂੰ ਵੀ ਫਲਾਈਟ ਹੋਣੀ ਚਾਹੀਦੀ ਹੈ।

ਹੁਣ ਬਰੈਂਪਟਨ 'ਚ ਨਹੀਂ ਚੱਲਣਗੇ ਪਟਾਕੇ

ਬਰੈਂਪਟਨ: ਬਰੈਂਪਟਨ ਦੇ ਸਿਟੀ ਕੌਂਸਲਰ ਡੈਨਿਸ ਕੀਨਨ ਨੇ ਅੱਜ ਦੀ ਕੌਂਸਲ ਮੀਟਿੰਗ ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ ਜੋ ਬਰੈਂਪਟਨ ਵਿੱਚ ਵਸਨੀਕਾਂ ਨੂੰ ਪਟਾਕਿਆਂ ਦੀ ਵਰਤੋਂ ਕਰਨ ਜਾਂ ਖਰੀਦਣ 'ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕਰਦਾ ਹੈ। ਜਿਸ ਨੂੰ ਕੌਂਸਲਰਾਂ ਦੀ ਸਹਿਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਨਵੇਂ ਨਿਯਮਾਂ ਦੇ ਤਹਿਤ, ਬਰੈਂਪਟਨ ਵਿੱਚ ਪਟਾਕੇ ਚਲਾਉਣ 'ਤੇ ਜੁਰਮਾਨਾ $500 ਤੱਕ ਵੱਧ ਸਕਦਾ ਹੈ ਅਤੇ ਪਟਾਕੇ ਵੇਚਣ 'ਤੇ ਜੁਰਮਾਨਾ $1,000 ਹੋ ਗਿਆ ਹੈ। ਨਵੇਂ ਉਪ-ਨਿਯਮ ਦੇ ਤਹਿਤ ਬਰੈਂਪਟਨ ਵਿੱਚ ਪਟਾਕਿਆਂ ਦੀ ਵਰਤੋਂ ਕਰਨ ਲਈ ਸਿਰਫ਼ ਫਿਲਮ ਇੰਡਸਟਰੀ ਅਤੇ ਸਿਟੀ ਨੂੰ ਪਰਮਿਟ ਲੈਣ ਦੀ ਇਜਾਜ਼ਤ ਹੋਵੇਗੀ। ਨਵੀਂ ਕੌਂਸਲ ਟੀਮ ਮੇਅਰ ਪੈਟਰਿਕ ਬ੍ਰਾਊਨ ,ਡਿਪਟੀ ਮੇਅਰ ਹਰਕੀਰਤ ਸਿੰਘ ਰਿਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਮਾਈਕਲ ਪਲੈਸਚੀ ,ਪਾਲ ਵਿਸੇਂਟ ,ਰੋਵੇਨਾ ਸੈਂਟੋਸ ਨਵਜੀਤ ਕੌਰ ਬਰਾੜ ,ਰੌਡ ਪਾਵਰ ,ਮਾਰਟਿਨ ਮੇਡੀਰੋਜ਼ ,ਪੈਟ ਫੋਰਟੀਨੀ ਦੁਆਰਾ ਇਸ ਮਤਾ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ । ਯਾਦ ਰਹੇ ਸ਼ਹਿਰ ਵਿੱਚ ਦਿਵਾਲੀ ਮੌਕੇ ਚੱਲੇ ਅਥਾਹ ਪਟਾਕਿਆਂ ਦੀ ਸਾਰੇ ਪਾਸੇ ਤੋ ਨਿੰਦਾ ਹੋਈ ਸੀ ।ਦੀਵਾਲੀ ਸਮੇਂ ਬੱਚਿਆ ਤਾਂ ਗਲੀਆਂ ਵਿੱਚ ਪਟਾਕੇ ਚਲਾਉਂਦੇ ਹੀ ਹਨ ਸਾਡੇ ਗੁਰਦਵਾਰਿਆ ਦੇ ਪ੍ਰਬੰਧਕ ਵੀ ਇੱਕ ਦੂਸਰੇ ਤੋਂ ਵੱਧ ਕੇ ਹਵਾ ਗੰਦੀ ਕਰਨ ਵਿੱਚ ਪਿਛੇ ਨਹੀਂ ਰਹਿੰਦੇ। ਸਰੀ ਵਿੱਚ ਵੀ ਇਹ ਮਤਾ ਪਾਸ ਹੋਣਾ ਚਾਹੀਦਾ ਹੈ।

DHALIWAL GROUP OF COMPANIES

ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ 604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com

“ਹਮ ਦੋ ਹਮਾਰੇ ਦੋ”

“ਦੋ ਹੀ ਕਾਫ਼ੀ, ਹੋਰ ਤੋਂ ਮਾਫ਼ੀ”

ਅਜਿਹਾ ਪ੍ਰਚਾਰ ਪੰਜਾਬੀਆਂ ਦੀ ਨਸਲਕੁਸ਼ੀ ਲਈ ਧੀਮਾ ਜ਼ਹਿਰ ਸਾਬਿਤ ਹੋਇਆ ਹੈ। ਧੀਮਾ ਜ਼ਹਿਰ ਨੂੰ ਅੰਗਰੇਜ਼ੀ ਵਿੱਚ (Slow Pioson) ਕਿਹਾ ਜਾਂਦਾ ਹੈ। ਇਸ ਜ਼ਹਿਰ ਨੂੰ ਪੰਜਾਬੀਆਂ ਨੇ ਮਾਡਰਨ ਜਮਾਨੇ ਦੇ ਨਾਮ ਹੇਠ ਬੜੇ ਚਾਅ ਨਾਲ ਵਰਤਿਆ ।ਕਦੇ ਪੰਜਾਬੀਆਂ ਚ ਦਸ ਦਸ ਬਾਰਾਂ ਬਾਰਾਂ ਜੁਆਕ ਜੰਮਣੇ ਆਮ ਗੱਲ ਸੀ। ਲੋਕ ਕਹਿੰਦੇ ਸਨ ਭਰਾ ਭਰਾਵਾਂ ਦੀਆਂ ਬਾਹਵਾਂ ਹੁੰਦੇ ਨੇ। ਜਿਸ ਮਾਂ ਦੇ ਸੱਤ ਪੁੱਤ ਹੋਣੇ ਉਹ ਮਾਣ ਕਰਦੀ। ਪੂਰੀ ਪੂਰੀ ਗਲੀ ਇੱਕ ਪਰਿਵਾਰ ਦੀ ਹੁੰਦੀ। 1947 ਦੀ ਵੰਡ ਸਮੇਂ 10 ਲੱਖ ਤੋਂ ਵੱਧ ਪੰਜਾਬੀ (ਸਿੱਖ ਤੇ ਹਿੰਦੂ) ਕਤਲ ਹੋਏ। ਪਰ ਅਬਾਦੀ ਦਾ ਇਹ ਘਾਟਾ ਫਿਰ ਵੀ ਮਹਿਸੂਸ ਨਾ ਹੋਇਆ। ਪੰਥਕ ਪਾਰਟੀ ਦੇ ਫੈਸਲੇ ਨਾਲ ਉੱਜੜੇ ਪੁਜੜੇ ਸਿੱਖਾਂ ਨੂੰ ਪੰਥ ਦੇ ਆਗੂਆਂ ਨੇ ਫੇਰ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਝੋਕ ਦਿੱਤਾ। ਲੁੱਟੀ ਪੁੱਟੀ ਪਰ ਸੁਭਾਅ ਪੱਖੋਂ ਬੇਪਰਵਾਹ ਕੌਮ ਕਦੇ ਗ੍ਰਿਫ਼ਤਾਰੀਆਂ, ਕਦੇ ਜਲਸੇ, ਕਦੇ ਨਾਹਰੇ, ਕਦੇ ਡਾਂਗਾਂ, ਕਦੇ ਗੋਲੀਆਂ। ਪੰਜਾਬ ਦੀਆਂ ਸੀਹਣੀਆਂ ਮਾਵਾਂ ਕਹਿੰਦੀਆਂ ਕੋਈ ਨਾ 7 ਜੰਮੇ ਨੇ, 5 ਜੰਮੇ ਨੇ, ਜੇ ਇਕ ਪੰਥ ਲਈ ਜੇਲ ਵੀ ਚਲਾ ਗਿਆ ਜਾਂ ਲੇਖੇ ਲੱਗ ਗਿਆ ਬਾਕੀ ਹੈਗੇ ਘਰ ਸੰਭਾਲਣ ਨੂੰ। ਪੰਜਾਬੀ ਸੂਬੇ ਤੋਂ ਬਾਅਦ ਫਿਰ ਮੋਰਚੇ। ਉਸ ਸਮੇਂ ਤਾਂ ਫ਼ਸਲਾਂ ਦਾ ਝਾੜ ਵੀ ਘੱਟ ਹੁੰਦਾ ਸੀ। ਹਾੜੀ ਦੀ ਫਸਲ (ਕਣਕ) ਅੱਸੂ ਦੇ ਮਹੀਨੇ ਤੱਕ ਖਤਮ ਹੋ ਜਾਂਦੀ। ਫਿਰ ਸਾਉਣੀ ਦੀ ਫਸਲ ਮੱਕੀ ਆ ਜਾਂਦੀ ਖਾਣ ਲਈ। ਕਦੇ ਕਿਸੇ ਨੇ ਇਹ ਨਹੀਂ ਸੀ ਕਿਹਾ ਕਿ ਫਸਲ ਘੱਟ ਹੁੰਦੀ ਆ ਤੇ ਨਿਆਣੇ ਘੱਟ ਜੰਮਣੇ ਆ। ਲੋਕਾਂ ਨੂੰ ਰੱਬ ਤੇ ਵਿਸ਼ਵਾਸ ਸੀ, ਗੁਰਬਾਣੀ ਤੇ ਭਰੋਸਾ ਸੀ। ਉਹ ਰੋਜ਼ ਰਹਿਰਾਸ ਸਾਹਿਬ ਦੇ ਪਾਠ ਦੀਆਂ ਇਹ ਤੁਕਾਂ ਸ੍ਰਵਣ ਈ ਨਹੀਂ ਕਰਦੇ ਸਨ ਸਗੋਂ ਪੂਰੇ ਸਿਦਕ ਨਾਲ ਵਿਸ਼ਵਾਸ ਵੀ ਕਰਦੇ ਸਨ

ਸਿਰ ਸਿਰ ਰਿਜ਼ਕ ਸੰਬਾਹੇ ਠਾਕੁਰ,
ਕਾਹੇ ਮਨਿ ਭਉ ਕਰਿਆ।

ਉਹਨਾਂ ਨੂੰ ਸਤਿਗੁਰੂ ਜੀ ਦਾ ਹੁਕਮ ਯਾਦ ਸੀ

“ਪਹਿਲੋਂ ਦੇ ਤੈਂ, ਰਿਜਕ ਸਮਾਹਾ
ਪਿੱਛੋਂ ਦੇ ਤੈਂ ਜੰਤ ਉਪਾਹਾ”

ਲੋਕਾਂ ਦਾ ਯਕੀਨ ਸੀ ਜਿਹੜਾ ਜੰਮਿਆ, ਉਹ ਆਪਣੇ ਕਰਮ ਨਾਲ਼ ਲੈ ਕੇ ਜੰਮਿਆ। ਸਭ ਦਾ ਰਿਜ਼ਕ ਦਾਤਾ ਪਰਮਾਤਮਾ ਹੈ। ਪੁੱਤਰ ਜੰਮ ਕੇ ਆਪਣਾ ਖਾਨਦਾਨ ਅੱਗੇ ਵਧਾ ਆਪਣੇ ਪਿਤਰਾਂ ਦਾ ਕਰਜ ਉਤਾਰਨਾ ਮੰਨਿਆ ਜਾਂਦਾ। ਜਿੱਥੇ ਵੱਡੇ ਵੱਡੇ ਅਮੀਰ ਲੋਕ ਇਸ ਰੱਬੀ ਦਾਤ ਨੂੰ ਤਰਸਦੇ ਉਥੇ ਗਰੀਬਾਂ ਦੇ ਘਰਾਂ ਚ ਇਹ ਕਿਲਕਾਰੀਆਂ ਦੀ ਦਾਤ ਖੂਬ ਗੂੰਜਦੀ। ਸਮਾਂ ਬਦਲਿਆ, ਹਰਾ ਇਨਕਲਾਬ ਆਇਆ, ਫ਼ਸਲਾਂ ਦੇ ਝਾੜ ਵਧੇ, ਆਮਦਨੀ ਵਧੀ, ਪਰ ਪਰਮਾਤਮਾ ਤੇ ਸਿਦਕ ਤੇ ਗੁਰਬਾਣੀ ਤੇ ਵਿਸ਼ਵਾਸ ਘਟ ਗਿਆ। ਜਿਹੜੇ ਲੋਕ 1947 ਦੇ ਬਟਵਾਰੇ ਦੀ ਕਤਲੋ ਗਾਰਤ ਨਾਲ ਨਾ ਘਟੇ, ਬਾਦ ਚ ਲੱਗਿਆ ਮੋਰਚਿਆਂ ਨਾਲ ਕੋਈ ਫਰਕ ਨਾ ਪਿਆ, ਉਹਨਾਂ ਨੂੰ ‘“ਦੋ ਹੀ ਕਾਫ਼ੀ –ਹੋਰ ਤੋਂ ਮਾਫ਼ੀ” ਦੇ ਨਾਹਰੇ ਨਾਲ ਇਕ ਗੁਪਤ ਨਸਲਕੁਸ਼ੀ ਵਲ ਚੁੱਪ ਚੁਪੀਤੇ ਤੋਰ ਦਿੱਤਾ ਗਿਆ। ਉਹਨਾਂ ਲਈ ਸਿਹਤ ਅਤੇ ਸਿੱਖਿਆ ਸਹੂਲਤਾਂ ਮਹਿੰਗੀਆਂ ਕਰ ਦਿਮਾਗ ਵਾਸ਼ ਕੀਤਾ ਗਿਆ। ਇਹਨਾਂ ਲੋਕਾਂ ਦੀ ਅਬਾਦੀ ਨਾ ਵਧੇ, ਬਰਾਬਰ ਰਹੇ 2 ਨਿਆਣੇ ਜੰਮਣ ਦਾ ਨਾਹਰਾ ਦੇ ਦਿੱਤਾ ਗਿਆ। ਪਤਾ ਨਹੀਂ ਕਿੰਨਾ ਕੁ ਰੁਪਈਆ ਇਸ ਕੰਮ ਲਈ ਇਸਤਿਹਾਰ ਬਾਜੀ ਤੇ ਖਰਚਣਾ ਪਿਆ ਹੋਇਗਾ। ਹੌਲੀ ਹੌਲੀ ਦੋ ਤੋਂ ਇੱਕ ਤੇ ਲੈ ਆਂਦਾ। ਜੇ ਪਹਿਲਾਂ ਬੱਚਾ ਲੜਕੀ ਹੁੰਦੀ ਤਾਂ ਲੋਕ ਮੁੰਡਾ ਜੰਮਣ ਦੀ ਚਾਹਤ ਚ ਦੂਸਰਾ ਨਿਆਣਾ ਕਰਦੇ। ਪਰ ਬਰਾਬਰਤਾ ਦਾ ਹੋਕਾ ਦੇ ਉਹ ਕੰਮ ਵੀ ਬੰਦ। ਮਤਲਬ ਨਿਆਣਾ ਇਕ ਹੀ ਲੈਣਾ, ਲੜਕਾ ਹੋਵੇ ਚਾਹੇ ਲੜਕੀ। ਅਸੀਂ ਖੁਦ ਪਾਲਣਹਾਰ ਤੇ ਰਿਜ਼ਕ ਦਾਤੇ ਬਣ ਆਪਣੇ ਪੈਰੀ ਆਪ ਕੁਹਾੜਾ ਮਾਰਨ ਲੱਗੇ। ਪਰ ਇਹ ਨਹੀਂ ਪਤਾ ਕਿ ਇੱਕ ਨਿਆਣਾ ਜੰਮਣ ਦਾ ਮਤਲਬ ਹੈ ਆਬਾਦੀ ਦਾ 50 ਪ੍ਰਤੀਸ਼ਤ ਖਤਮ ਕਰਨਾ।

ਜੇ ਇੱਕ ਪਰਿਵਾਰ 2 ਨਿਆਣੇ ਜੰਮੇ, ਆਬਾਦੀ ਬਰਾਬਰ ਰਹਿੰਦੀ ਆ। ਜੇ ਇਕ ਨਿਆਣਾ ਜੰਮੇ ਤਾਂ 50 % ਘਟਦੀ ਆ। ਉਹ ਵੀ ਤਾਂ ਜੇ ਲੜਕਾ ਤੇ ਲੜਕੀ ਇੱਕ ਬਰਾਦਰੀ, ਇਕ ਕੌਮ ਚ ਈ ਸ਼ਾਦੀ ਕਰਨ। ਜੇ ਇੱਕ ਲੜਕੀ ਹੋਵੇ ਤੇ ਉਹ ਵੀ ਕਿਸੇ ਹੋਰ ਕੌਮ ‘ਚ ਚਲੀ ਜਾਵੇ, ਤਾਂ ਉਹ ਖਾਨਦਾਨ ਈ ਮਿਟ ਗਿਆ ਕੌਮ ਚੋਂ, ਬਰਾਦਰੀ ਚੋਂ। ਅਸੀਂ ਤਾਂ ਖੁਦ ਚਾਅ ਨਾਲ ਆਪਣੀ ਨਸਲਕੁਸ਼ੀ ਆਪ ਸ਼ੁਰੂ ਕਰਤੀ।

1947 ਦੀ ਕਤਲੋਗਾਰਤ, ਪੰਜਾਬੀ ਸੂਬਾ ਮੋਰਚਾ, ਨੈਕਸਲਾਈਟ ਲਹਿਰ ਦੇ ਨਾਮ ਹੇਠ ਪੰਜਾਬੀਆਂ ਦੀ ਨਸਲਕੁਸ਼ੀ, 1978 ਤੋਂ 1997 ਤੱਕ ਖਾੜਕੂ ਲਹਿਰ ਦੇ ਨਾਮ ਹੇਠ ਇੱਕ ਜੁਆਨ ਪੀੜੀ ਦਾ ਹੀ ਖਾਤਮਾ , 1984 ਨਵੰਬਰ ਵਿੱਚ ਪੰਜਾਬ ਤੋਂ ਬਾਹਰ ਹਿੰਦੁਸਤਾਨ ਵਿੱਚ ਸਮੂਹਿਕ ਰੂਪ ਵਿੱਚ ਸਿੱਖਾਂ ਦਾ ਕਤਲੇਆਮ, ਨਸ਼ਿਆਂ ਦੇ ਦੈਂਤ ਦੇ ਰੂਪ ਚ ਕਦੇ ਸਮੈਕ ਕਦੇ ਚਿੱਟਾ। ਬੜੇ ਨਸਲਕੁਸ਼ੀ ਦੇ ਰਾਹ ਅਪਣਾਏ ਗਏ ਪੰਜਾਬੀਆਂ ਲਈ। ਪਰ ਸਭ ਤੋਂ ਵੱਧ ਨੁਕਸਾਨ ਇੱਕ ਪਰਿਵਾਰ ਇੱਕ ਜੁਆਕ ਦੇ ਵਿਚਾਰ ਨੇ ਕੀਤਾ।

ਮਰਦਮ ਸ਼ੁਮਾਰੀ ਚ ਸਿੱਖਾਂ ਦੀ ਜਨਗਣਨਾ ਦਾ ਖਤਰਨਾਕ ਰੂਪ ਚ ਘਟਣਾ ਅਤਿ ਚਿੰਤਾਜਨਕ ਆ। ਹੱਥੀਂ ਦਿੱਤੀਆਂ ਮੂੰਹ ਨਾਲ ਵੀ ਨਹੀਂ ਖੁਲਣੀਆ। ਹੁਣ ਸਭ ਆਪਣੀ ਜਿੰਮੇਵਾਰੀ ਤੋਂ ਭੱਜ ਨਸਲਾਂ ਤੇ ਫਸਲਾਂ ਦੀ ਤਬਾਹੀ ਦਾ ਦੋਸ਼ ਇਕ ਦੂਜੇ ਨੂੰ ਦੇ ਰਹੇ। ਪਰ ਬਿੱਲੀ ਨੂੰ ਵੇਖ ਅੱਖਾਂ ਮੀਟ ਕੇ ਖ਼ਤਰਾ ਖਤਮ ਨਹੀਂ ਹੋਣਾ। ਨਸਲਕੁਸ਼ੀ ਕਰਵਾਉਣ ਵਾਲਿਆਂ ਨੇ ਆਪ ਸਚੇ ਹੋਣ ਲਈ ਇਸ ਸੋਚ ਤੋਂ ਸਾਡਾ ਮਨ ਭਟਕਾਉਣ ਵਾਸਤੇ ਕਹਿ ਦਿੱਤਾ ਕਿ ਪ੍ਰਵਾਸ ਕਾਰਨ ਤੁਹਾਡੀ ਅਬਾਦੀ ਘਟ ਰਹੀ ਹੈ। ਇਹ ਪ੍ਰਚਾਰ ਏਨੇ ਜੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ ਕਿ ਕਿਤੇ ਪੰਜਾਬੀ ਇਹ ਨਾ ਸੋਚਣ ਕਿ ਜਦੋਂ ਸਭ ਕੌਮਾਂ ਦੀ ਜਨਮ ਦਰ ਵਧੀ ਆ ਤਾਂ ਸਾਡੀ ਕੌਮ ਦੀ ਜਨਮ ਦਰ ਘਟ ਕੇ ਏਨੇ ਖਤਰਨਾਕ ਪੱਧਰ ਤੇ ਕਿਉਂ ਆ ਗਈ ਆ। ਪਰ ਭਲਿਓ, ਪਰਵਾਸ ਤਾਂ ਸ਼ੁਰੂ ਤੋ ਹੁੰਦਾ ਆਇਆ ਤੇ ਹੁੰਦਾ ਰਹਿਣਾ। ਪਰਵਾਸ ਜਿਉਂਦੀਆਂ ਤੇ ਤਰੱਕੀ ਪਸੰਦ ਕੌਮਾਂ ਦੀ ਨਿਸ਼ਾਨੀ ਹੁੰਦਾ। ਪਰ ਜਿਹੜੀ ਨਸਲਕੁਸ਼ੀ ਦੇ ਰਾਹ ਸਾਡੀ ਕੌਮ ਚਲੀ ਹੋਈ ਆ, ਰੱਬ ਈ ਆ ਜੇ ਸੁਮੱਤ ਬਖਸੇ। ਜੱਟਾਂ ਵਿੱਚ ਪਹਿਲਾਂ ਇਹ ਧਾਰਨਾ ਹੁੰਦੀ ਸੀ ‘ਕੱਲੀ ਹੋਵੇ ਨਾ ਵਣਾਂ ਵਿੱਚ ਲੱਕੜੀ,ਕੱਲਾ ਨਾ ਹੋਵੇ ਪੁੱਤ ਜੱਟ ਦਾ” ਪਰ ਰੱਬ ਦੀ ਹੋਂਦ ਤੇ ਵਿਸ਼ਵਾਸ ਤੋਂ ਮੁਨਕਰ ਕਾਮਰੇਡੀ ਸੋਚ ਨੇ ਉਹਨਾਂ ਵਿੱਚ ਵੀ ਜ਼ਮੀਨ ਨੂੰ ਇਸ਼ੂ ਬਣਾ ਦਿੱਤਾ ਕਿ ਜੇਕਰ ਨਿਆਣੇ ਵੱਧ ਜੰਮੇ ਤਾਂ ਜਮੀਨ ਘਟ ਜੂ।

ਸਿੱਖੀ ਤੇ ਪੰਜਾਬ ਵਿਰੋਧੀ ਹਰੇਕ ਸੋਚ ਦਾ ਹੱਥ ਠੋਕਾ ਬਣੀ ਇਹ ਕਾਮਰੇਡ ਲਾਬੀ ਵੀ ਪੰਜਾਬੀ ਨਸਲਕੁਸ਼ੀ ਲਈ ਪੂਰੀ ਜਿੰਮੇਵਾਰ ਆ। ਬਹੁਤ ਲੋਕ ਹੋਰ ਵੀ ਵਸਦੇ ਨੇ ਪੰਜਾਬ ਵਿੱਚ ਜਿਹੜੇ ਬੇ ਜਮੀਨੇ ਨੇ। ਉਹ ਵੀ ਤਾਂ ਰੋਟੀ ਖਾ ਰਹੇ ਨੇ। ਸਾਡੇ ਪੁਰਖਿਆਂ ਦਾ ਇਹ ਵਿਸ਼ਵਾਸ ਕਿ ਰੱਬ ਪੱਥਰ ਚ ਵੀ ਕੀੜੇ ਨੂੰ ਰਿਜਕ ਦਿੰਦਾ ਹੈ, ਜੰਮਣ ਵਾਲਾ ਆਪਣੇ ਕਰਮ ਲਿਖਵਾ ਕੇ ਲਿਆਉਂਦਾ ਹੈ, ਹਰੇਕ ਆਪਣੇ ਕਰਮਾ ਦਾ ਖਾਂਦਾ ਹੈ ਉਹਨਾਂ ਅੰਦਰ ਕਦੇ ਨੈਗੇਟਿਵ ਸੋਚ ਨਹੀਂ ਸੀ ਆਉਣ ਦਿੰਦਾ। ਉਹਨਾ ਅੰਦਰ ਦੁਨੀ ਚੰਦ ਵਾਲੀ ਸੋਚ ਭਾਰੂ ਨਹੀਂ ਸੀ ਸਗੋਂ ਬੀਬੀ ਰਜਨੀ ਵਾਲਾ ਸਿਦਕ ਭਰੋਸਾ ਕਾਇਮ ਸੀ। ਉਹ ਸਮਝਦੇ ਸੀ ਕਿ “ਜਾਨ ਕੋ ਦੇਤ,ਅਜਾਨ ਕੋ ਦੇਤ, ਜਮੀਨ ਕੋ ਦੇਤ ਜਮਾਨ ਕੋ ਦੇ ਹੈਂ” ਵਾਲਾ ਪਰਮਾਤਮਾ ਸਦਾ ਉਨ੍ਹਾਂ ਦੇ ਅੰਗ ਸੰਗ ਹੈ। ਇਸੇ ਲਈ ਵੱਡੇ ਵੱਡੇ ਝੱਖੜ ਵੀ ਉਹਨਾਂ ਨੂੰ ਡੁਲਾ ਨਾ ਸਕੇ। ਪਰ ਅਸੀਂ ਤਾਂ ਸਭ ਕੁਝ ਗਵਾਈ ਜਾ ਰਹੇ ਹਾ। ਜਿਹੜੇ ਲੋਕ ਆਪਣੀ ਨਸਲ ਦੇ ਨਹੀ ਬਣੇ ਉਹਨਾਂ ਹੋਰ ਕਿਸੇ ਦੇ ਕੀ ਬਣਨਾ। ਜਰਾ ਆਪਣੇ ਆਲੇ ਦੁਆਲੇ ਨਿਗਾਹ ਮਾਰ ਕੇ ਵੇਖੋ ਜਿਹਨਾਂ ਦਾ ਇਕੋ ਇਕ ਬਚਾ ਹੋਵੇ, ਕਿਸੇ ਕਾਰਨ ਇਸ ਸੰਸਾਰ ਤੋਂ ਤੁਰ ਜੇ ਉਹ ਮਾਂ ਬਾਪ ਤੇ ਕੀ ਬੀਤਦੀ ਆ। ਕੀ ਕਰੇਗਾ ਉਹ ਜਮੀਨ ਜਾਇਦਾਦ ਨੂੰ। ਪਰ ਨਹੀ, ਅਸੀਂ ਆਪਣੀ ਅੰਸ਼ ਗੈਰ ਕੁਦਰਤੀ ਤਰੀਕਿਆਂ ਨਾਲ ਅੱਗੇ ਵਧਣ ਤੋਂ ਰੋਕ, ਕੁਦਰਤ ਦੇ ਉਲਟ ਬੜੇ ਮਾਣ ਨਾਲ, ਆਪਣੀ ਹੀ ਨਸਲਕੁਸ਼ੀ ਦੇ ਰਾਹ, ਪਏ ਹੋਏ ਹਾਂ। ਪਰ ਯਾਦ ਰਖਿਓ ਇਸਤੋਂ ਅੱਗੇ ਉਜਾੜ ਹੀ ਆ।

ਆਓ ਅਸੀਂ ਆਪਣੇ ਮਨ ਵਿੱਚ ਬਣੀਆਂ ਗਲਤ ਧਾਰਨਾਵਾਂ ਤੇ ਮੁੜ ਠੰਡੇ ਦਿਮਾਗ਼ ਨਾਲ ਸੋਚੀਏ। ਰੱਬ ਤੇ ਸਿਦਕ ਭਰੋਸਾ ਈ ਸਾਨੂੰ ਇਸ ਚਿੰਤਾ ਦੇ ਵਹਿਣ ਚੋ ਕਢ ਸਕਦਾ। ਬਾਕੀ ਕੁਦਰਤ ਆਪਣਾ ਬੈਲੈਂਸ ਕਾਇਮ ਰੱਖਣਾ ਖੁਦ ਜਾਣਦੀ ਹੈ, ਸਾਡੇ ਪਰਿਵਾਰ ਨਿਯੋਜਨ ਦੀ ਮੁਥਾਜ਼ ਨਹੀਂ। ਪਰਮਾਤਮਾ ਜਾਣਦਾ ਹੈ ਕਿ ਉਸ ਨੇ ਆਪਣੀਆਂ ਇਹ ਕੀਮਤੀ ਦਾਤਾ ਕਿਥੇ ਦੇਣੀਆ ਨੇ। ਸਾਨੂੰ ਇਹਨਾਂ ਦਾਤਾਂ ਦੇ ਰਾਹ ਬੰਦ ਕਰਨ ਦਾ ਕੋਈ ਅਧਿਕਾਰ ਨਹੀਂ। ਜੇ ਕਿਤੇ ਉਸ ਪਰਮਾਤਮਾ ਨੇ ਰਾਹ ਬੰਦ ਕਰ ਤਾ ਫਿਰ ਸਿਵਾਏ ਧੱਕੇ ਅਤੇ ਝੋਰਿਆਂ ਦੇ ਕੁਝ ਨਹੀਂ ਬਚਦਾ।

-ਏ ਸਿੰਘ

ਸਿੱਧੂ ਮੂਸੇਵਾਲਾ ਕਤਲ ਗੋਲਡੀ ਬਰਾੜ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ

ਚੰਡੀਗੜ- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮਾਸਟਰਮਾਈਂਡ ਨੂੰ ਪੰਜਾਬ ਪੁਲੀਸ ਵਲੋਂ ਭਾਰਤ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ। ਸੂਬਾ ਪੁਲੀਸ ਮੁਖੀ ਨੇ ਇਸ ਸਬੰਧੀ ਟਵੀਟ ਕਰਦਿਆਂ ਜਾਣਕਾਰੀ ਦਿੱਤੀ ਹੈ। ਡੀਜੀਪੀ ਪੰਜਾਬ ਗੌਰਵ ਯਾਦਵ ਨੇ ਟਵੀਟ ਕਰਕੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਉੱਤਰੀ ਅਮਰੀਕਾ ਸਥਿਤ ਗੈਂਗਸਟਰ ਗੋਲਡੀ ਬਰਾੜ ਨੂੰ ਭਾਰਤ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਇਲਾਵਾ ਪੰਜਾਬ ਸਮੇਤ ਕਈ ਸੂਬਿਆਂ ਦੀ ਪੁਲੀਸ ਗੋਲਡੀ ਬਰਾੜ ਦੀ ਭਾਲ ਕਰ ਰਹੀ ਹੈ। ਪੰਜਾਬ ਪੁਲੀਸ ਕੋਲ ਇਹ ਪੱਕੀ ਜਾਣਕਾਰੀ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮਾਸਟਰਮਾਈਂਡ ਗੈਂਗਸਟਰ ਸਤਿੰਦਰ ਸਿੰਘ ਉਰਫ ਗੋਲਡੀ ਬਰਾੜ ਇਸ ਸਮੇਂ ਉੱਤਰੀ ਅਮਰੀਕਾ ‘ਚ ਹੈ। ਪੰਜਾਬ ਪੁਲੀਸ ਅਤੇ ਹੋਰ ਰਾਜਾਂ ਦੀ ਪੁਲੀਸ ਲਗਾਤਾਰ ਉਸਦੇ ਟਿਕਾਣੇ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਤੋਂ ਪਹਿਲਾਂ ਗੋਲਡੀ ਬਰਾੜ ਕੈਨੇਡਾ ਭੱਜ ਗਿਆ ਸੀ, ਪਰ ਉੱਥੇ ਖ਼ਤਰੇ ਨੂੰ ਭਾਂਪਦਿਆਂ ਉਹ ਉੱਤਰੀ ਅਮਰੀਕਾ ਨੂੰ ਚਲਾ ਗਿਆ ਦੱਸਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਗੋਲਡੀ ਬਰਾੜ ਆਪਣਾ ਬਚਾਅ ਕਰਨ ਲਈ ਕੈਲੀਫੋਰਨੀਆ ‘ਚ ਕਾਨੂੰਨੀ ਸ਼ਰਨ ਲੈਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ।

FRASERVIEW MEATS
The Name of Guaranteed Quality Meats

Number One Quality Meat in Lower Mainland

We also sell cooked chicken
We take orders for all occassion

Serving You Since 1993

Jagir S. Nagra

Try our Special Chicken Tikkar

604-592-2900

#102-12047-80th Ave. Surrey (Besides Mega Fruticana)
www.fraserviewmeats.com

So Easy

ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਆਟੋਮੈਟਿਕ ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ

ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ

LUCKY'S A to Z DRIVING SCHOOL
Lucky 604-614-5365
Unit 15 - 8388 128 St., Surrey

ਸਿੱਖ ਸੰਸਥਾ ਸੈਫ ਵੱਲੋਂ 'ਵਿਲੱਖਣ ਇਤਿਹਾਸ ਦੀਆਂ ਵਿਲੱਖਣ ਝਲਕਾਂ'

ਸਰੀ:-ਇੱਕ ਸਿੱਖੀ ਅਵੇਅਰਨੈਸ ਫ਼ਾਊਂਡੇਸ਼ਨ ਨਾਮਕ ਸੰਸਥਾ ਹੈ, ਜਿਸਨੂੰ ਵਧੇਰੇ ਕਰਕੇ ਸੈਫ਼ ਇੰਟਰਨੈਸ਼ਨਲ ਕਰਕੇ ਹੀ ਜਾਣਿਆ ਜਾਂਦਾ ਹੈ। ਕੈਨੇਡਾ ਦੇ ਵੈਨਕੂਵਰ ਇਲਾਕੇ ਤੋਂ ਚੱਲਦੀ ਇਹ ਸੰਸਥਾ ਮੁੱਖ ਰੂਪ ਵਿਚ ਪੰਜਾਬ ਅਤੇ ਭਾਰਤ ਵਿਚ ਹੋਰ ਥਾਵਾਂ ਤੇ ਵੀ ਗ਼ਰੀਬ ਪਰਿਵਾਰਾਂ ਲਈ ਮਦਦ, ਬੱਚਿਆਂ ਲਈ ਪੜ੍ਹਾਈ, ਅਤੇ ਸਿੱਖ ਧਰਮ ਦੇ ਪਰਚਾਰ ਦੇ ਉਪਰਾਲੇ ਕਰਦੀ ਆ ਰਹੀ ਹੈ। ਆਪਣੇ ਕਾਰਜਾਂ ਦੀ ਲੜੀ ਵਿਚ ਇਸ ਸੰਸਥਾ ਨੇ ਇਕ ਬੜੇ ਸਾਦੇ ਪਰ ਬੜੇ ਕਾਰਗਰ ਨੁਕਤੇ ਤੇ ਕੰਮ ਕਰਨਾ ਸ਼ੁਰੂ ਕੀਤਾ ਹੈ। ਸਿੱਖ ਇਤਿਹਾਸ ਵਿੱਚੋਂ ਦਿਲ ਖਿੱਚਵੇਂ ਦ੍ਰਿਸ਼ ਬਹੁਤ ਵੱਡੀਆਂ ਪੇਂਟਿੰਗਜ਼ ਦੇ ਰੂਪ ਵਿੱਚ ਜਨਤਕ ਥਾਵਾਂ ਤੇ ਨਸ਼ਰ ਕਰਨ ਦੀ ਮੁਹਿੰਮ ਅਰੰਭੀ ਹੈ। ਪੰਜਾਬ ਦੇ 100 ਪਿੰਡਾਂ ਵਿਚ, ਵੀਹ-ਵੀਹ ਤੀਹ-ਤੀਹ ਫ਼ੁੱਟ ਵੱਡੀਆਂ ਇਤਿਹਾਸਕ ਤਸਵੀਰਾਂ ਨੂੰ ਦੀਵਾਰਾਂ ਤੇ ਪੱਕੇ ਤੌਰ ਤੇ ਪੇਂਟ ਕਰਵਾਉਣ ਦਾ ਕਾਰਜ ਵਿੱਢਿਆ ਹੈ। ਦੂਰ ਬੈਠੇ ਹੋਏ ਅਸੀਂ ਕਲਪਨਾ ਹੀ ਕਰ ਸਕਦੇ ਹਾਂ, ਪਰ ਪਿੰਡ ਵਿਚ ਆਮ ਲਾਂਘੇ ਵਾਲੀ ਥਾਂ ਦੇ ਕਿਸੇ ਘਰ ਦੀ ਬਹੁਤ ਵੱਡੀ ਦੀਵਾਰ ਉੱਤੇ ਉੱਕਰਿਆ ਹੋਵੇ ਕਿ ਸੁੱਖਾ ਸਿੰਘ - ਮਹਿਤਾਬ ਸਿੰਘ ਜੰਗਲ ਵਿੱਚ ਬੈਠੇ ਸਿੱਖ ਜਥੇ ਨੂੰ ਸੰਬੋਧਨ ਕਰ ਰਹੇ ਹਨ। ਰੰਗਦਾਰ ਤੇ ਮਘਦੀਆਂ ਤਸਵੀਰਾਂ ਵਿੱਚੋ ਉਸ ਦ੍ਰਿਸ਼ ਦਾ ਜਲੌਅ, ਦੀਵਾਰ ਦੇ ਸਾਹਮਣੇ ਖਲੋਤੇ ਦਰਸ਼ਕ ਨੂੰ ਵੀ ਉਸ ਜਥੇ ਦੀ ਭੀੜ ਵਿਚ ਹੀ ਕਿਤੇ ਖਲੋਤੇ ਹੋਣ ਦਾ ਅਨੁਭਵ ਕਰਵਾ ਸਕਦਾ ਹੈ। ਇਸੇ ਤਰਾਂ ਸ਼੍ਰੀ ਅਨੰਦਪੁਰ ਸਾਹਿਬ ਵਿਚ 1699 ਦੀ ਵਿਸਾਖੀ ਵੇਲੇ ਦਸਵੇਂ ਪਾਤਸ਼ਾਹ ਖ਼ਾਲਸੇ ਨੂੰ ਪ੍ਰਗਟ ਕਰ ਰਹੇ ਹਨ। ਗੁਰੂ ਅੱਗੇ ਤਸਵੀਰ ਵਿਚ ਜੁੜੀ ਹੋਈ ਭੀੜ ਦੇ ਨਾਲ-ਨਾਲ, ਤਸਵੀਰ ਦੇ ਸਰੋਤਿਆਂ ਦੀ ਭੀੜ ਵੀ ਉਸ ਵੰਗਾਰ ਦਾ ਪ੍ਰਭਾਵ ਕਬੂਲਦੀ ਹੈ। ਇਤਿਹਾਸ ਨੂੰ ਮੁੜ੍ਹ ਸੁਰਜੀਤ ਕਰਨ ਅਤੇ ਨਿੱਤ ਜੀਵਨ ਦੇ ਕਾਰ-ਵਿਹਾਰਾਂ ਲਈ ਆਉਂਦਿਆਂ-ਜਾਂਦਿਆਂ ਨੂੰ ਉਸ ਤੋਂ ਸੇਧਾਂ ਦੇਣ ਦਾ ਇਹ ਬਾ-ਕਮਾਲ ਉਪਰਾਲਾ ਹੈ। ਸੈਫ਼ ਸੰਸਥਾ ਨੇ ਦਰਜਨਾ ਹੀ ਪਿੰਡਾਂ ਵਿਚ ਪਿੰਡ ਵਾਸੀਆਂ ਨਾਲ਼ ਉਹਨਾ ਦੇ ਘਰਾਂ ਦੀਆਂ ਵੱਡੀਆਂ ਅਤੇ ਸੁਥਰੀਆਂ ਕੰਧਾਂ ਉੱਤੇ ਇਤਿਹਾਸਿਕ ਨਜ਼ਾਰੇ ਪੇਂਟ ਕਰਵਾਉਣ ਲਈ ਸੰਪਰਕ ਕੀਤਾ। ਬਿਨਾ ਸ਼ੱਕ, ਸੰਗਤਾਂ ਨੇ ਇਸ ਸੁਭਾਗੇ ਕਾਰਜ ਦਾ ਹਿੱਸਾ ਬਣਨਾ ਆਪਣਾ ਧੰਨਭਾਗ ਸਮਝਿਆ ਅਤੇ ਸੈਫ਼ ਸੰਸਥਾ ਵੱਲੋਂ ਬਣਾਈ ਗਈ ਵਧੀਆ ਆਰਟਿਸਟਾਂ ਦੀ ਟੀਮ ਨੂੰ ਜੀ ਆਇਆਂ ਕਿਹਾ। ਸੈਕੜੇ ਪਿੰਡਾਂ ਵਿਚ ਇਤਿਹਾਸਿਕ ਪੇਂਟਿੰਗਜ਼ ਬਣਾਉ ਣ ਲਈ ਮਹੀਨਿਆਂ ਬੱਧੀ ਕੰਮ ਕਰਨਾ ਪਵੇਗਾ, ਇਸ ਉਪਰਾਲੇ ਨੇ ਪੰਜਾਬ ਦੇ ਕਈ ਵਧੀਆ ਕਲਾਕਾਰਾਂ ਲਈ ਲਗਾਤਾਰ ਰੁਜ਼ਗਾਰ ਪੈਦਾ ਕੀਤਾ ਹੈ। ਇਹਨਾ ਪੇਂਟਿੰਗਜ਼ ਨੂੰ ਬਣਦਿਆਂ ਵੇਖਕੇ, ਕਈ ਬੱਚੇ ਅਤੇ ਉੱਭਰਦੇ ਕਲਾਕਾਰਾਂ ਨੂੰ ਸਿੱਖਣ ਦਾ ਮੌਕਾ ਮਿਲ ਰਿਹਾ ਹੈ, ਅਤੇ ਆਪਣੀ ਕਲਾ ਨੂੰ ਕਿੱਤੇ ਵਜੋਂ ਨਿਖਾਰਨ ਲਈ ਉਸਸ਼ਾਹ ਮਿਲ ਰਿਹਾ ਹੈ। ਸੈਫ਼ ਇੰਟਰਨੈਸ਼ਨਲ ਪਿਛਲੇ 8-10 ਸਾਲਾਂ ਤੋਂ ਮੂਲ ਰੂਪ ਵਿਚ ਗ਼ਰੀਬ ਬੱਚਿਆਂ ਦੀ ਪੜ੍ਹਾਈ, ਗ਼ਰੀਬ ਪਰਿਵਾਰਾਂ ਲਈ ਘਰ-ਬਾਰ, ਅਤੇ ਰੋਜ਼ਗਾਰ ਆਦਿਕ ਲਈ ਉਪਰਾਲੇ ਕਰਦੀ ਆ ਰਹੀ ਹੈ, ਪਰ ਇਹਨਾ ਸਾਰੇ ਕਾਰਜਾਂ ਵਿਚ ਇੱਕ ਵਿਸ਼ੇਸ਼ ਸਥਾਨ ਗੁਰਮਤਿ ਵਿੱਦਿਆ ਦਾ ਹੈ। ਸੈਫ਼ ਸੰਸਥਾ ਪੰਜਾਬ ਤੋਂ ਬਾਹਰ ਮੱਧ-ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ ਅਤੇ ਹੋਰ ਵੀ ਕਈ ਪ੍ਰਾਂਤਾਂ ਵਿਚ ਸੇਵਾ ਕਾਰਜ ਕਰਦੀ ਹੈ। ਖ਼ਾਸ ਕਰਕੇ ਸਿਕਲੀਗਰ ਸਿੱਖਾਂ ਲਈ ਕੰਮ ਕਰਦੀ ਹੋਣ ਕਰਕੇ ਇਸ ਸੰਸਥਾ ਨੇ ਗ਼ਰੀਬੀ ਨਾਲ਼ ਨਜਿੱਠਣ ਲਈ ਮੁਢਲੀਆਂ ਸਹੂਲਤਾਂ ਦੇ ਨਾਲ-ਨਾਲ ਗੁਰਮਤਿ ਵਿਦਿਆਲੇ ਕਾਇਮ ਕੀਤੇ ਹਨ ਤਾਂ ਜੋ ਗ਼ਰੀਬਾਂ ਅਤੇ ਲਤਾੜਿਆਂ ਨੂੰ ਉੱਚੇ ਉੱਠਣ ਦੀ ਅਸਲ ਸੇਧ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਮਿਲ ਸਕੇ। ਪੰਜਾਬ ਵਿਚ ਗੁਰੂ ਕਿਰਪਾ ਸਦਕਾ, ਗੁਰਦੁਆਰਾ ਸਾਹਿਬਾਨ ਤਾਂ ਹਰ ਪਿੰਡ ਵਿਚ ਮੌਜੂਦ ਹਨ, ਪਰ ਸਿੱਖ ਇਤਿਹਾਸ ਨੂੰ ਇਹਨਾਂ ਪੇਂਟਿੰਗਜ਼ ਦੁਆਰਾ ਨਿੱਤ ਜੀਵਨ ਅਤੇ ਯਾਦ ਦਾ ਹਿੱਸਾ ਬਣਾਉਣ ਲਈ ਇਸ ਉਪਰਾਲੇ ਨੂੰ ਵੀ ਬਹੁਤ ਸ਼ਲਾਘਾ ਮਿਲ ਰਹੀ ਹੈ।

ਗੁਜਰਾਤ ਚੋਣਾਂ ਦੇ ਬਹਾਨੇ ਪੰਜਾਬ ਨੂੰ ਬਦਨਾਮ ਨਾ ਕਰੋ

ਚੋਣਾਂ ਗੁਜਰਾਤ ਵਿਚ ਹੋ ਰਹੀਆਂ ਹਨ ਤੇ ਨਿਸ਼ਾਨੇ ਪੰਜਾਬ ਉਤੇ ਸਾਧੇ ਜਾ ਰਹੇ ਹਨ। ਇਕ ਪਾਸੇ ਜੇ ਪੰਜਾਬ ਦੇ ਮੰਤਰੀ ਗੁਜਰਾਤ ਵਿਚ ਹਨ ਤਾਂ ਦੂਜੇ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਸਣੇ ਕੇਂਦਰੀ ਕੈਬਨਿਟ ਵੀ ਗੁਜਰਾਤ ਵਿਚ ਬੈਠੀ ਹੈ। ਇਨ੍ਹਾਂ ਦੋਹਾਂ ਪਾਰਟੀਆਂ ਵਾਸਤੇ ਹਰ ਚੋਣ ਮਹੱਤਵਪੂਰਨ ਹੁੰਦੀ ਹੈ ਜੋ ਕਾਂਗਰਸ ਦੇ ਦੌਰ ਵਿਚ ਘੱਟ ਹੀ ਵੇਖਿਆ ਜਾਂਦਾ ਸੀ।

ਸੋ ਅੱਜ ਕਾਂਗਰਸ ਦੇ ਪ੍ਰਮੁੱਖ ਆਗੂਆਂ ਨੂੰ ਛੱਡ ਸਾਰੇ ਵੱਡੇ ਆਗੂ ਗੁਜਰਾਤ ਵਿਚ ਹੀ ਅਪਣਾ ਪ੍ਰਚਾਰ ਕਰ ਰਹੇ ਹਨ। ਜਿਥੇ ਭਾਜਪਾ ਕੋਲ ਰਾਮ ਮੰਦਰ ਤੇ ਜੰਮੂ ਕਸ਼ਮੀਰ ਦੀ 35-ਏ ਤੇ ਧਾਰਾ 370 ਦੀਆਂ ਪ੍ਰਾਪਤੀਆਂ ਹਨ, ਆਪ ਕੋਲ ਦਿੱਲੀ ਮਾਡਲ ਤੇ ਹੁਣ ਪੰਜਾਬ ਦੀਆਂ ਪ੍ਰਾਪਤੀਆਂ ਹਨ ਅਤੇ ਜੇ ਅਰਵਿੰਦ ਕੇਜਰੀਵਾਲ ਗੁਜਰਾਤ ਵਿਚ ਵਿਰੋਧੀ ਧਿਰ ਦੇ ਨੇਤਾ ਵੀ ਬਣਾ ਗਏ ਤਾਂ ਉਨ੍ਹਾਂ ਦਾ ਕੱਦ ਕਾਂਗਰਸ ਤੋਂ ਕਿਤੇ ਉੱਚਾ ਹੋ ਜਾਵੇਗਾ। ਭਾਜਪਾ ਦਾ ਕਾਂਗਰਸ ਮੁਕਤ ਸੁਪਨਾ 'ਆਪ' ਦੇ ਅਰਵਿੰਦ ਕੇਜਰੀਵਾਲ ਪੂਰਾ ਕਰ ਰਹੇ ਹਨ ਤਾਂ ਭਾਜਪਾ ਘਬਰਾਹਟ ਵਿਚ ਆ ਕੇ ਪੰਜਾਬ ਵਲ ਨਿਸ਼ਾਨੇ ਸੇਧਣੇ ਸ਼ੁਰੂ ਕਰ ਰਹੀ ਹੈ।

ਸੱਭ ਤੋਂ ਸੌਖਾ ਤੇ ਵਾਰ ਵਾਰ ਵਰਤਿਆ ਗਿਆ ਸਿਆਸੀ ਝੂਠ ਇਹ ਹੈ ਕਿ ਪੰਜਾਬ ਵਿਚ ਬੰਦੂਕ ਦੇ ਆਤੰਕ ਦਾ ਖ਼ਤਰਾ ਦਿਖਾਇਆ ਜਾਵੇ ਕਿਉਂਕਿ ਇਸ ਸੋਚ ਦੀ ਬੁਨਿਆਦ ਇੰਦਰਾ ਗਾਂਧੀ ਨੇ ਬੜੀ ਪੱਕੀ ਤਰ੍ਹਾਂ ਰੱਖ ਦਿਤੀ ਸੀ। ਜਦ ਵੀ ਪੰਜਾਬ ਨੂੰ ਨੀਵਾਂ ਵਿਖਾਉਣਾ ਹੋਵੇ ਤਾਂ ਉਸ ਨਾਲ ਅਤਿਵਾਦ ਲਫ਼ਜ਼ ਜੋੜ ਦਿਤਾ ਜਾਂਦਾ ਹੈ। ਕਿਸਾਨੀ ਸੰਘਰਸ਼ ਵੇਲੇ ਵੀ ਇਹੀ ਕੁੱਝ ਹੋਇਆ ਸੀ ਅਤੇ ਇਹੀ ਕੁੱਝ ਗੁਜਰਾਤ ਚੋਣਾਂ ਦੌਰਾਨ ਹੋ ਰਿਹਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਵਿਚ ਵਧਦੇ ਅਤਿਵਾਦ ਬਾਰੇ ਚਿੰਤਾ ਤਾਂ ਪ੍ਰਗਟ ਕਰ ਦਿਤੀ ਪਰ ਅਸਲ ਵਿਚ ਇਹ ਚਿੰਤਾ ਨਹੀਂ ਸੀ ਬਲਕਿ ਚਿੰਤਾ ਦੇ ਬਹਾਨੇ 'ਆਪ' ਸਰਕਾਰ ਦੀ ਨਾਕਾਮੀ ਦਾ ਢੋਲ ਵਜਾ ਦੇਣ ਬਰਾਬਰ ਸੀ। ਪਰ ਅੰਕੜੇ ਸਿੱਧ ਕਰਦੇ ਹਨ ਕਿ 2021 ਦੇ ਸਰਵੇਖਣ ਵਿਚ ਹਿੰਸਾ ਤੇ ਬੰਦੂਕਾਂ ਦੇ ਇਸਤੇਮਾਲ ਤੋਂ ਲੈ ਕੇ ਕਤਲਾਂ ਦੇ ਲੇਖੇ ਜੋਖੇ ਵਿਚ, ਪੰਜਾਬ, ਦੇਸ਼ ਦੇ ਬਾਕੀ ਸੂਬਿਆਂ ਦੇ ਮੁਕਾਬਲੇ 15ਵੇਂ ਸਥਾਨ ਤੇ ਹੈ।

ਇਸ ਸਾਲ ਸਿੱਧੂ ਮੂਸੇਵਾਲਾ ਤੇ ਸੰਦੀਪ ਨੰਗਲ ਦੇ ਵੱਡੇ ਕਤਲ ਹੋਏ ਹਨ ਪਰ ਕਿਹੜਾ ਸੂਬਾ ਹੈ ਜਿਸ ਵਿਚ ਕਤਲ ਨਹੀਂ ਹੋ ਰਹੇ? ਕੀ ਦਿੱਲੀ ਵਿਚ 2020 ਵਿਚ ਦੰਗੇ, 2021 ਵਿਚ ਅਸਾਮ ਵਿਚ, 2022 ਵਿਚ ਕਰਨਾਟਕਾ, ਕਾਨਪੁਰ ਤੇ ਰਾਂਚੀ ਵਿਚ ਦੰਗੇ ਨਹੀਂ ਹੋਏ? ਪੰਜਾਬ ਵਿਚ ਇਕ ਵੀ ਨਹੀਂ ਹੋਇਆ। ਦੇਸ਼ ਵਿਚ ਸੱਭ ਤੋਂ ਵੱਧ ਕਤਲ ਉਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਬੰਗਾਲ ਵਿਚ ਹੁੰਦੇ ਹਨ। ਪੰਜਾਬ ਬਹੁਤ ਹੇਠਾਂ ਹੈ। ਪਰ ਸਾਡੇ ਪੰਜਾਬ ਵਿਚ ਹੋਈ ਇਕ ਵਾਰਦਾਤ ਬਾਕੀ ਸੂਬਿਆਂ ਦੀਆਂ 500 ਦੇ ਬਰਾਬਰ ਮੰਨੀ ਜਾਂਦੀ ਹੈ। ਹਾਥਰਸ, ਕਠੂਆ ਵਰਗੇ ਕੇਸ ਵੀ ਪੰਜਾਬ ਵਿਚ ਨਹੀਂ ਹੋਏ। ਪਰ ਫਿਰ ਵੀ ਦੇਸ਼ ਦੇ ਗ੍ਰਹਿ ਮੰਤਰੀ ਲਈ ਪੰਜਾਬ ਪ੍ਰਤੀ ਚਿੰਤਾ ਗੁਜਰਾਤ ਵਿਚ ਪ੍ਰਗਟ ਕਰਨੀ ਜ਼ਰੂਰੀ ਸੀ?

ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਬਾਰੇ ਸੁਚੇਤ ਰਹਿਣਾ ਜ਼ਰੂਰੀ ਹੈ। ਪਰ ਜਦ ਗੁਜਰਾਤ ਦੀਆਂ ਬੰਦਰਗਾਹਾਂ ਨਿਜੀ ਹੱਥਾਂ ਵਿਚ ਦੇਣ ਨਾਲ ਨਸ਼ੇ ਦੀ ਤਸਕਰੀ, ਦੇਸ਼ ਦੇ ਨੌਜਵਾਨ ਨੂੰ ਤਬਾਹ ਕਰ ਰਹੀ ਹੈ ਤਾਂ ਫਿਰ ਗੁਜਰਾਤ ਬਾਰੇ ਚਿੰਤਾ ਕਿਉਂ ਨਹੀਂ? ਭ੍ਰਿਸ਼ਟਾਚਾਰ ਕਾਰਨ ਗੁਜਰਾਤ ਦੇ ਮੋਰਬੀ ਵਿਚ 135 ਮੌਤਾਂ ਹੋਈਆਂ ਹੋਣ ਤਾਂ ਚਿੰਤਾ ਗੁਜਰਾਤ ਦੀ ਹੋਣੀ ਚਾਹੀਦੀ ਹੈ। ਗੁਜਰਾਤ ਵਿਚ ਕੌਣ ਮੁੱਖ ਮੰਤਰੀ ਬਣਦਾ ਹੈ, ਉਸ ਨਾਲ ਪੰਜਾਬ ਦਾ ਕੋਈ ਸਰੋਕਾਰ ਨਹੀਂ। ਸਿਆਸੀ ਲੜਾਈ ਵਿਚ ਪੰਜਾਬ ਦੇ ਪੁਰਾਣੇ ਜ਼ਖ਼ਮਾਂ ਨੂੰ ਕੁਰੇਦਣਾ ਤੇ ਨੌਜਵਾਨਾਂ ਨੂੰ ਬਦਨਾਮ ਤੇ ਮਾਯੂਸ ਕਰਨਾ ਸਹੀ ਨਹੀਂ ਕਿਹਾ ਜਾ ਸਕਦਾ।

-ਨਿਮਰਤ ਕੌਰ

Rai
EXPRESS LINES LTD.

Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit

Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey

CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200
Ladies Parties Special

ਸਿਹਤ ਸੰਬੰਧੀ

ਉਨਿੰਦਰਾ, ਸਲੀਪ ਐਪਨੀਆ ਅਤੇ ਹੋਮਿਓਪੈਥਿਕ

ਨੀਂਦ ਸੰਬੰਧੀ ਵਿਗਾੜ ਅਜਿਹੀ ਸਮੱਸਿਆ ਹੁੰਦੀ ਹੈ ਜਿਹੜੀ ਇਸ ਚੀਜ਼ ਨੂੰ ਪ੍ਰਭਾਵਿਤ ਕਰਦੀ ਹੈ ਕਿ ਤੁਸੀਂ ਕਿੰਨਾ ਚਿਰ ਅਤੇ ਕਿੰਨੀ ਗੁੜ੍ਹੀ ਨੀਂਦ ਸੌਂਦੇ ਹੋ। ਸੌਂਣ ਸੰਬੰਧੀ ਖ਼ਰਾਬ ਆਦਤਾਂ ਤੋਂ ਲੈ ਕੇ ਤੁਹਾਡੀ ਨੀਂਦ ਵਿੱਚ ਵਿਘਨ ਪਾਉਣ ਵਾਲੇ ਮੈਡੀਕਲ ਕਾਰਣ ਇਸ ਦੀ ਵਜ੍ਹਾ ਬਣਦੇ ਹਨ।

ਸਵੇਰੇ ਉੱਠਣ ਸਮੇਂ ਵੀ ਜੇ ਤੁਹਾਨੂੰ ਥਕਾਵਟ ਦਾ ਅਹਿਸਾਸ ਹੋਵੇ ਤਾਂ ਇਸ ਵੱਲ ਧਿਆਨ ਦੇਣਾ ਬਣਦਾ ਹੈ। ਲੋੜ ਨਾਲੋਂ ਘੱਟ ਨੀਂਦ ਅਜਿਹੀ ਗੰਭੀਰ ਸਮੱਸਿਆ ਹੈ ਜਿਹੜੀ ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਖ਼ਤਰਾ ਬਣ ਸਕਦੀ ਹੈ।ਨੀਂਦ ਮਨੁੱਖ ਨੂੰ ਰੱਬ ਵੱਲੋਂ ਬਖ਼ਸ਼ਿਆ ਹੋਇਆ ਇੱਕ ਮਾਨਸਿਕ ਅਤੇ ਸਰੀਰਕ ਆਨੰਦ ਹੈ, ਜਿਸ ਨੂੰ ਭਾਗਾਂ ਵਾਲੇ ਹੀ ਮਾਣਦੇ ਹਨ। ਨੀਂਦ ਦੀ ਘਾਟ ਜਾਂ ਬਹੁਤਾਤ ਦੋਵੇਂ ਹੀ ਕਿਸੇ ਵਿਗਾੜ ਦਾ ਸੂਚਕ ਹੁੰਦੇ ਹਨ ਜੋ ਕਿ ਸਰੀਰਕ ਜਾਂ ਮਾਨਸਿਕ ਜਾਂ ਦੋਵੇਂ ਕਿਸਮਾਂ ਦੇ ਹੋ ਸਕਦੇ ਹਨ। ਰੱਬੀ ਦਾਤ ਨੀਂਦਰ ਦਾ ਮੁੱਲ ਕੇਵਲ ਉਹ ਹੀ ਜਾਣਦੇ ਹਨ ਜਿਨ੍ਹਾਂ ਨੂੰ ਸਾਰੀ-ਸਾਰੀ ਰਾਤ ਜਾਗਦਿਆਂ ਹੀ ਲੰਘ ਜਾਂਦੀ ਹੋਵੇ। ਜਾਗਦਿਆਂ ਹੋਇਆਂ ਸੁਚੇਤ ਮਨ ਸਰੀਰ ਦੀਆਂ ਕ੍ਰਿਆਂਵਾਂ ਦਾ ਚਾਲਕ ਹੁੰਦਾ ਹੈ ਅਤੇ ਨੀਂਦ ਵਿੱਚ ਅਚੇਤ ਮਨ ਇਹ ਕਾਰਜ ਕਰਦਾ ਹੈ।

ਉਨਿੰਦਰੇ ਦੀ ਹਾਲਤ ਵਿੱਚ ਸੁਚੇਤ ਮਨ ਸੰਬੰਧੀ ਦਿਮਾਗ ਦੇ ਅੰਗਾਂ ਦੀ ਕਿਰਿਆ ਬੰਦ ਹੋ ਜਾਂਦੀ ਹੈ ਅਤੇ ਨਤੀਜੇ ਵਜੋਂ ਚੇਤਨਤਾ ਦਾ ਪ੍ਰਵਾਹ ਬੰਦ ਹੋ ਜਾਂਦਾ ਹੈ। ਪਰ, ਸਰੀਰ ਦੀਆਂ ਬਾਕੀ ਕਿਰਿਆਵਾਂ ਪਹਿਲਾਂ ਵਾਂਗ ਹੀ ਚਲਦੀਆਂ ਰਹਿੰਦੀਆਂ ਹਨ। ਨੀਂਦ ਵਿੱਚ ਦਿਮਾਗ ਨੂੰ ਜਾਣ ਵਾਲੇ ਖ਼ੂਨ ਦੀ ਮਿਕਦਾਰ ਘਟ ਜਾਂਦੀ ਹੈ ਅਤੇ ਦਿਲ ਦੀ ਰਫ਼ਤਾਰ ਵੀ ਕੁਝ ਮੱਧਮ ਪੈ ਜਾਂਦੀ ਹੈ। ਹਨੇਰਾ, ਸ਼ਾਂਤਮਈ ਵਾਤਾਵਰਣ, ਨਰਮ ਬਿਸਤਰਾ ਆਦਿ ਨੀਂਦ ਲਈ ਬੜੇ ਅਨੁਕੂਲ ਅਤੇ ਮੁਆਫ਼ਕ ਸਾਧਨ ਹਨ। ਡਾਕਟਰੀ ਵਿਗਿਆਨ ਮੁਤਾਬਕ ਹਰ ਵਿਅਕਤੀ ਦਾ ਨਿਰਵਿਘਨ ਨੀਂਦ ਦਾ ਸਮਾਂ ਵੱਖੋ-ਵੱਖ ਹੁੰਦਾ ਹੈ ਪਰ ਆਮ ਮਾਣਕ ਹੇਠ ਅਨੁਸਾਰ ਹਨ:

- ਨਿੱਕੇ ਬੱਚਿਆਂ ਲਈ 16 ਘੰਟੇ
- ਅਲ੍ਹੜਾਂ ਲਈ 9 ਘੰਟੇ
- ਬਾਲਗਾਂ ਲਈ 7 ਤੋਂ 8 ਘੰਟੇ

ਕਈ ਬਾਲਗ 5 ਘੰਟੇ ਦੀ ਨੀਂਦ ਤੋਂ ਬਾਅਦ ਵੀ ਚੁਸਤ ਮਹਿਸੂਸ ਕਰਦੇ ਹਨ ਅਤੇ ਕਈ 10 ਘੰਟੇ ਸੌਂਣ ਤੋਂ ਬਾਅਦ ਵੀ ਡਿਗੇ-ਡਿਗੇ ਰਹਿੰਦੇ ਹਨ। ਉਨਿੰਦਰੇ ਦੇ ਲੱਛਣ ਨੀਂਦ ਸੰਬੰਧੀ ਵਿਗਾੜ ਦੀ ਕਿਸਮ 'ਤੇ ਵੀ ਨਿਰਭਰ ਕਰਦੇ ਹਨ, ਜਿਵੇਂ ਕਿ:

1. ਦਿਨ ਵੇਲ਼ੇ ਬਹੁਤ ਨੀਂਦ ਆਉਣੀ
2. ਸੋਫ਼ੇ ਜਾਂ ਕੁਰਸੀ ਵਿੱਚ ਬੈਠੇ-ਬੈਠੇ ਸੌਂ ਜਾਣਾ
3. ਗੱਡੀ ਚਲਾਉਣ ਸਮੇਂ ਝੋਕੇ ਆਉਣੇ
4. ਖੁਰਾੜੇ ਮਾਰਨੇ ਜਾਂ ਨੀਂਦ ਵਿੱਚ ਸਾਹ ਰੁਕ-ਰੁਕ ਕੇ ਆਉਣਾ (ਜਿਵੇਂ ਸਲੀਪ ਐਪਨੀਆ ਵਿੱਚ ਹੁੰਦਾ ਹੈ, ਜਿਸ ਵਿੱਚ ਕੁਝ ਸਕਿੰਟਾਂ ਲਈ ਸੁੱਤੇ ਪਏ ਵਿਅਕਤੀ ਦੀ ਸਾਹ ਦੀ ਕਿਰਿਆ ਬੰਦ ਹੋ ਜਾਂਦੀ ਹੈ।)
5. ਨੀਂਦ ਦੇਰ ਨਾਲ ਆਉਣੀ ਅਤੇ ਲੱਤਾਂ ਵਿੱਚ ਬੇਚੈਨੀ ਰਹਿਣੀ

ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579

ਨੀਂਦ ਦੀ ਘਾਟ ਸੰਬੰਧੀ ਸੰਭਾਵਤ ਖ਼ਤਰੇ:

ਉਨਿੰਦਰਾਪਣ ਜ਼ਿੰਦਗੀ ਦੇ ਲਗਭਗ ਹਰ ਪਹਿਲੂ ਨੂੰ ਅਸਰ ਪਾਉਂਦਾ ਹੈ, ਜਿਵੇਂ ਕਿ ਗੱਡੀ ਚਲਾਉਂਦੇ ਹੋਏ ਐਕਸੀਡੈਂਟ ਦਾ ਖ਼ਤਰਾ, ਸੰਗਿਆਤਮਕ ਵਿਗਾੜ, ਆਪਸੀ ਰਿਸ਼ਤਿਆਂ ਵਿੱਚ ਵਿਗਾੜ (ਜਿਵੇਂ ਕਿ ਪੀੜ੍ਹਤ ਵਿਅਕਤੀ ਦੇ ਖੁਰ੍ਹਾੜਿਆਂ ਕਾਰਣ ਨਾਲ ਸੁੱਤੇ ਪਏ ਘਰ ਦੇ ਮੈਂਬਰਾਂ ਦੀ ਨੀਂਦ ਵਿੱਚ ਆਉਣ ਵਾਲੀ ਪਰੇਸ਼ਾਨੀ), ਕੰਮ 'ਤੇ ਖ਼ਰਾਬ ਕਾਰਗੁਜ਼ਾਰੀ, ਕੰਮ 'ਤੇ ਸੱਟਾਂ ਲੱਗਣੀਆਂ, ਯਾਦਾਸ਼ਤ ਸੰਬੰਧੀ ਸਮੱਸਿਆਵਾਂ ਅਤੇ ਮਿਜ਼ਾਜ ਵਿੱਚ ਖ਼ਰਾਬੀ।

ਮਾਨਸਿਕ ਉਤੇਜਨਾ, ਫ਼ਿਕਰ, ਸਦਮਾ, ਦਿਮਾਗ ਵੱਲ ਲੋੜ ਨਾਲੋਂ ਘੱਟ ਜਾਂ ਵੱਧ ਖ਼ੂਨ ਜਾਣਾ, ਵਪਾਰ ਜਾਂ ਮਾਲ ਜਾਇਦਾਦ ਵਿੱਚ ਘਾਟਾ ਪੈਣਾ ਜਾਂ ਬਹੁਤ ਹੀ ਵੱਡੀ ਖ਼ੁਸ਼ੀ ਜਿਸ ਨਾਲ ਮਨ ਝੂਮ ਉਠੇ, ਨਵੇਂ ਜਾਂ ਪੁਰਾਣੇ ਰੋਗ ਨਾਲ ਜੁੜੀ ਕੋਈ ਤਕਲੀਫ਼ ਆਦਿ ਉਨਿੰਦਰੇ ਦੇ ਕਾਰਣ ਹੋ ਸਕਦੇ ਹਨ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਉਨਿੰਦਰੇ ਦਾ ਇਲਾਜ ਕਰਦਿਆਂ ਦਵਾਈ ਦੇ ਰਾਹੀਂ ਇਸ ਦੇ ਕਾਰਣਾਂ ਨੂੰ ਵੀ ਠੀਕ ਕਰਨ ਦੀ ਲੋੜ ਹੁੰਦੀ ਹੈ। ਦਿਨ ਭਰ ਦੇ ਸਾਰੇ ਫ਼ਿਕਰਾਂ, ਚਿੰਤਾਵਾਂ ਅਤੇ ਡਰ ਆਦਿ ਨੂੰ ਸੌਂਣ ਲੱਗਿਆਂ ਮਨ ਵਿੱਚੋਂ ਕੱਢ ਦੇਣਾ ਅਤੇ ਮਨ ਨੂੰ ਇਕਾਗਰ ਕਰਕੇ ਬਿਸਤਰੇ 'ਤੇ ਜਾਣਾ ਚਾਹੀਦਾ ਹੈ।

ਕਮਰੇ ਅਤੇ ਆਲੇ-ਦੁਆਲੇ ਦਾ ਨੀਂਦ ਦੇ ਅਨੁਕੂਲ ਹੋਣਾ ਬਹੁਤ ਜ਼ਰੂਰੀ ਹੈ ਜਿਵੇਂ ਕਿ, ਕਮਰੇ ਵਿੱਚ ਹਨੇਰਾ ਹੋਣਾ, ਟੈਲੀਵਿਯਨ ਬੈੱਡਰੂਮ ਵਿੱਚ ਨਾ ਰੱਖਣਾ, ਸੌਂਣ ਤੋਂ ਪਹਿਲਾਂ ਇੰਟਰਨੈੱਟ ਦੀ ਵਰਤੋਂ ਨਾ ਕਰਨਾ, ਸੌਂਣ ਤੋਂ ਲਗਭਗ ਦੋ ਘੰਟਿਆਂ ਪਹਿਲਾਂ ਭੋਜਨ ਖਾ ਲੈਣਾ, ਸੌਂਣ ਤੋਂ ਪਹਿਲਾਂ ਕੋਸੇ ਪਾਣੀ ਨਾ ਇਸ਼ਨਾਨ ਕਰਨਾ ਅਤੇ ਮਨ ਨੂੰ ਬਿਲਕੁਲ ਖਾਲੀ ਕਰਕੇ ਸੌਂਣ ਨਾਲ ਕੁਦਰਤੀ ਢੰਗ ਨਾਲ ਚੰਗੀ ਨੀਂਦ ਮਾਣੀ ਜਾ ਸਕਦੀ ਹੈ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਬਹੁਤ ਸਾਰੀਆਂ ਅਸਰਦਾਰ ਦਵਾਈਆਂ ਹਨ ਜੋ ਉਨਿੰਦਰੇ ਦੀ ਅਵਸਥਾ ਨੂੰ ਬਾਖ਼ੂਬੀ ਠੀਕ ਕਰਦੀਆਂ ਹਨ ਪਰ ਦਵਾਈ ਦੀ ਚੋਣ ਤਾਂ ਹੀ ਹੋ ਸਕਦੀ ਹੈ ਜੇ ਉਨਿੰਦਰੇ ਦੇ ਪਿੱਛੇ ਢੁੱਕਵੇਂ ਕਾਰਣਾਂ ਨੂੰ ਪਛਾਣਿਆ ਜਾਵੇ। ਹਰ ਇੱਕ ਮਨੁੱਖ ਦੇ ਉਨਿੰਦਰੇ ਪਿੱਛੇ ਕਾਰਣ ਇੱਕੋ ਜਿਹੇ ਨਾ ਹੋਣ ਕਰਕੇ ਇੱਕ ਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਨਹੀਂ ਹੋ ਸਕਦੀ। ਢੁਕਵੀਂ ਹੋਮਿਓਪੈਥਿਕ ਦਵਾਈ ਦੇਣ ਲਈ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਸਮਝ ਕੇ ਹੀ ਉਨਿੰਦਰੇ ਅਤੇ ਸਲੀਪ ਐਪਨੀਆ ਤੋਂ ਪੀੜ੍ਹਤ ਵਿਅਕਤੀ ਦੀ ਮਦਦ ਹੋ ਸਕਦੀ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਓ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।

Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca

Step-in and see our exclusive collections of Singapore, India, Pakistan and Custom-made 22K Jewellery

ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & ☆ PLATINUM.

Repairing, Polishing & Appraisals

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132 FAX: 604-327-0335

ਰੇਲਗੱਡੀ ਵਿਚ ਇਕ ਔਰਤ ਆਪਣੇ ਬੱਚੇ ਨੂੰ ਵਾਰ-ਵਾਰ ਕਹਿ ਰਹੀ ਸੀ ਕਿ ਬੇਟਾ ਜਲਦੀ ਹਲਵਾ ਖਾ ਲੈ, ਨਹੀਂ ਤਾਂ ਮੈਂ ਨਾਲ ਵਾਲੇ ਅੰਕਲ ਨੂੰ ਦੇ ਦਿਆਂਗਾ।

ਅੰਕਲ- ਭੈਣ ਜੀ... ਜਲਦੀ ਕਰੋ, ਹਲਵੇ ਦੇ ਚੱਕਰ ਵਿੱਚ ਚਾਰ ਸ਼ਟੇਸ਼ਨ ਅੱਗੇ ਆ ਗਿਆਂ ਹਾਂ।

888

ਸੋਨੂੰ ਦੇ ਹੱਥ 'ਚ ਨਵਾਂ ਫ਼ੋਨ ਦੇਖ ਕੇ ਮੋਨੂੰ ਨੇ ਕਿਹਾ- 'ਤੁਸੀਂ ਨਵਾਂ ਫ਼ੋਨ ਕਦੋਂ ਲਿਆ?

ਸੋਨੂੰ - ਕੋਈ ਨਵੀਂ ਗੱਲ ਨਹੀਂ, ਇਹ ਮੇਰੀ ਗਰਲਫਰੈਂਡ ਦਾ ਹੈ।

ਮੋਨੂੰ - ਸਹੇਲੀ ਦਾ ਫੋਨ ਕਿਉਂ ਲਿਆਇਆ?

ਸੋਨੂੰ - ਰੋਜ਼ ਕਹਿੰਦੀ ਸੀ ਮੇਰਾ ਫੋਨ ਨਹੀਂ ਉਠਾਉਂਦੇ ਅੱਜ ਮੈਂ ਚੁੱਕ ਲਿਆਇਆ।

****

ਅਧਿਆਪਕ - ਕੀ ਤੁਸੀਂ ਕਦੇ ਵਧੀਆ ਕੰਮ ਕੀਤਾ?

ਰਾਜੂ - ਹਾਂ ਜੀ ਸਰ

ਅਧਿਆਪਕ: ਦੱਸੋ ਕੀ?

ਇੱਕ ਬੁੱਢਾ ਹੌਲੀ-ਹੌਲੀ ਆਪਣੇ ਘਰ ਜਾ ਰਿਹਾ ਸੀ.. ਮੈਂ ਕੁੱਤੇ ਨੂੰ ਉਸਦੇ ਪਿੱਛੇ ਛੱਡ ਦਿੱਤਾ ਤੇ ਉਹ ਜਲਦੀ ਘਰ ਪਹੁੰਚ ਗਿਆ।

****

ਪਤਨੀ ਤੋਂ ਤਲਾਕ ਲੈਣ ਲਈ ਕੋਰਟ ਪਹੁੰਚਿਆ ਸੋਨੂੰ

ਜੱਜ: ਤੁਸੀਂ ਤਲਾਕ ਕਿਉਂ ਚਾਹੁੰਦੇ ਹੋ?

ਸੋਨੂੰ - ਜੱਜ ਸਾਹਿਬ, ਮੇਰੇ ਤੋਂ ਮੇਰੀ ਪਤਨੀ ਲਸਣ ਛਿਲਵਾਉਂਦੀ ਹੈ, ਪਿਆਜ਼ ਕਟਵਾਉਂਦੀ ਹੈ ਅਤੇ...

ਅਤੇ ਬਰਤਨ ਸਾਫ ਕਰਵਾਉਂਦੀ ਹੈ।

ਜੱਜ: ਕੀ ਸਮੱਸਿਆ ਹੈ? ਲਸਣ ਨੂੰ ਇਸ ਨੂੰ ਥੋੜਾ ਜਿਹਾ ਗਰਮ ਕਰੋ, ਇਹ ਆਸਾਨੀ ਨਾਲ ਛਿੱਲ ਜਾਵੇਗਾ, ਪਿਆਜ਼ ਨੂੰ ਕੱਟਣ ਤੋਂ ਪਹਿਲਾਂ ਫਰਿੱਜ ਵਿਚ ਰੱਖ ਦਿਓ।ਕੱਟਣ ਵੇਲੇ ਅੱਖਾਂ ਨਹੀਂ ਜਲਣਗੀਆਂ।ਬਰਤਨ ਧੋਣ ਤੋਂ 10 ਮਿੰਟ ਪਹਿਲਾਂ ਟੱਬ ਵਿੱਚ ਪਾਣੀ ਭਰਕੇ ਰੱਖ ਦਿਉ

ਆਸਾਨੀ ਨਾਲ ਸਾਫ਼ ਹੋ ਜਾਣਗੇ।

ਸੋਨੂੰ - ਸਮਝ ਗਿਆ, ਹਜ਼ੂਰ। ਕਿਰਪਾ ਕਰਕੇ ਅਰਜ਼ੀ ਵਾਪਸ ਦੇ ਦਿਓ...

ਜੱਜ - ਤੇਰਾ ਕੀ ਮਤਲਬ ? ..

ਸੋਨੂੰ - ਇਹ ਕਿ ਤੁਹਾਡੀ ਹਾਲਤ ਤਾਂ ਮੇਰੇ ਨਾਲੋਂ ਵੀ ਭੈੜੀ ਹੈ।

****

ਦੀਵਾਲੀ ਮੌਕੇ ਪਿੰਡ ਦੀ ਇੱਕ ਕੁੜੀ ਘਰੋਂ ਭੱਜ ਗਈ ਅਤੇ ਫਿਰ ਦੋ ਦਿਨ ਬਾਅਦ ਵਾਪਸ ਆਈ

ਬਾਪ ਨੇ ਗੁੱਸੇ ਨਾਲ ਪੁੱਛਿਆ - ਹੁਣ ਕੀ ਲੈਣ ਆਈ ਏਂ ਕੁੜੀ - ਆਪਣੇ ਹਿੱਸੇ ਦੀ ਮਠਿਆਈ ਖਾਣ

****

ਭਿਖਾਰੀ- ਬਾਬੂ ਜੀ ਤੁਸੀਂ ਮੈਨੂੰ 150 ਰੁਪਏ ਦੇ ਦਿਓ ਦੇ ਕੇ ਮੇਰੀ ਮਦਦ ਕਰੋ ਮੈਂ ਮੇਰਾ ਪਰਿਵਾਰ ਮੈਂ ਤੋਂ ਵੱਖ ਹੋ ਗਿਆ ਹਾਂ

ਸੋਨੂੰ - ਪਹਿਲਾਂ ਇਹ ਦੱਸੋ ਕਿ ਤੁਹਾਡਾ ਪਰਿਵਾਰ ਕਿੱਥੇ ਹੈ?

ਭਿਖਾਰੀ - ਮਲਟੀਪਲੈਕਸ ਸਿਨੇਮਾ ਵਿੱਚ ਫਿਲਮ ਦੇਖ ਰਿਹਾ ਹੈ!

****

ਇੱਕ ਆਦਮੀ ਨੇ ਕੰਡਕਟਰ ਨੂੰ ਪੁੱਛਿਆ - ਤੁਸੀਂ ਬੱਸ ਵਿੱਚ ਕਿੰਨੇ ਘੰਟੇ ਰਹਿੰਦੇ ਹੋ?

ਕੰਡਕਟਰ - ਜੀ 24 ਘੰਟੇ

ਆਦਮੀ - ਕਿਵੇਂ?

ਕੰਡਕਟਰ- ਦੇਖੋ, ਮੈਂ 8 ਘੰਟੇ ਸਿਟੀ ਬੱਸ ਵਿਚ ਰਹਿੰਦਾ ਹਾਂ ਬਾਕੀ ਦੇ 16 ਘੰਟੇ ਮੈਂ ਆਪਣੀ ਪਤਨੀ ਦੇ ਬੱਸ ਵਿੱਚ ਹੀ ਰਹਿੰਦਾ ਹਾਂ।

****

ਪਤੀ-ਪਤਨੀ ਵਿਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ।ਪਤੀ ਨੇ ਪਤਨੀ ਨਾਲ ਬੋਲਣਾ ਬੰਦ ਕਰ ਦਿੱਤਾ।ਚਾਰ ਕੁ ਦਿਨ ਬਾਅਦ

ਪਤਨੀ ਕਹਿੰਦੀ ਮੈਂ 10 ਤੱਕ ਗਿਣਾਂਗੀ...!

ਜੇ ਤੂੰ ਨਾ ਬੋਲਿਆ ਤਾਂ ਮੈਂ ਜ਼ਹਿਰ ਖਾ ਲਵਾਂਗੀ...!

ਪਤਨੀ - ਇੱਕ

ਪਤੀ - ਚੁੱਪ

ਪਤਨੀ - ਦੋ

ਪਤੀ ਅਜੇ ਵੀ ਚੁੱਪ ਹੈ

ਪਤਨੀ - ਦੱਸੋ ਜੀ...!

ਘਰਵਾਲੀ ਰੋਣ ਲੱਗ ਪਈ...!

ਪਤੀ —ਗਿਣਤੀ ਪੂਰੀ ਕਰ

ਪਤਨੀ - ਧੰਨਵਾਦ ! ਜੇ ਤੁਸੀਂ ਬੋਲੇ ਨਹੀਂ ਤਾਂ ਮੈਂ ਜ਼ਹਿਰ ਖਾਣ ਵਾਲੀ ਹੀ ਸੀ.....

****

ਪਾਪ - ਬੇਟਾ, ਅਮਰੀਕਾ 'ਚ 15 ਸਾਲ ਦੇ ਬੱਚੇ ਵੀ ਆਪਣੇ ਪੈਰਾਂ 'ਤੇ ਖੜ੍ਹੇ ਹਨ...!

ਰਾਮ - ਪਰ ਪਿਤਾ ਜੀ, ਭਾਰਤ ਵਿੱਚ ਤਾਂ ਇੱਕ ਸਾਲ ਦਾ ਬੱਚਾ ਭੱਜਣ ਲੱਗ ਪੈਂਦਾ ਹੈ...!

888

ਇਮਤਿਹਾਨ ਵਿੱਚ ਸਵਾਲ ਆਇਆ... ਚੈਲੰਜ ਕੀ ਹੈ...?

ਸੋਨੂੰ ਨੇ ਸਾਰਾ ਪੇਪਰ ਖਾਲੀ ਛੱਡ ਦਿੱਤਾ ਅਤੇ ਅਖੀਰਲੇ ਪੰਨੇ 'ਤੇ ਲਿਖਿਆ ਹੈ, ਹਿੰਮਤ ਹੈ ਤਾਂ ਪਾਸ ਕਰਕੇ ਦਿਖਾਓ...!

****

ਇੱਕ ਬਾਬਾ ਇੱਕ ਪਾਰਟੀ ਵਿੱਚ ਗਿਆ ਜਿੱਥੇ ਹਰ ਕੋਈ ਉਸਦਾ ਮਜ਼ਾਕ ਉਡਾਉਣ ਲੱਗ ਪਿਆ।

ਬਾਬਾ ਬੋਲਿਆ ਦੇਖੋ ਅਸੀਂ ਫਕੀਰ ਹਾਂ, ਮਜ਼ਾਕ ਨਾ ਕਰੋ।ਲੋਕ ਬਹੁਤ ਹੱਸੇ। ਅਚਾਨਕ ਹਨੇਰਾ ਹੋ ਗਿਆ ਸਾਰਿਆਂ ਨੂੰ ਦਿਖਣਾਂ ਬੰਦ ਹੋ ਗਿਆ।

ਉਹੀ ਲੋਕ ਜੋ ਮਖੌਲ ਕਰਦੇ ਸਨ ਸਾਰੇ ਬਾਬੇ ਦੇ ਪੈਰੀਂ ਪੈ ਗਏ, ਬਾਬਾ ਜੀ ਸਾਨੂੰ ਮੁਆਫ਼ ਕਰ ਦਿਓ।

ਬਾਬੇ ਨੇ ਜੁੱਤੀ ਲਾਹ ਲਈ ਸਾਰਿਆਂ ਦੇ ਸਿਰ ਵਿੱਚ ਇੱਕ ਇੱਕ ਠੋਕੀ..

ਕਹਿੰਦਾ ਮੂਰਖੋ ਬਿਜਲੀ ਚਲੀ ਗਈ ਹੈ ਜਾ ਕੇ ਜਰਨੇਟਰ ਚਲਾ ਕੇ ਆਉ।

****

ਪਤਨੀ- ਤੁਸੀਂ ਸ਼ਰਾਬ 'ਤੇ ਬਹੁਤ ਪੈਸਾ ਬਰਬਾਦ ਕਰਦੇ ਹੋ, ਹੁਣ ਬੰਦ ਕਰੋ

ਚਿੰਟੂ-ਤੇ ਤੂੰ 5000 ਦਾ ਬਿਊਟੀ ਪਾਰਲਰ ਤੇ ਕਬਾੜਾ ਕਰ ਆਉਂਦੀ ਹੈਂ ਉਸ ਦਾ ਕੀ?

ਪਤਨੀ - ਉਹ ਤਾਂ ਮੈਂ ਤੁਹਾਨੂੰ ਸੋਹਣੀ ਲਗਣ ਲਈ ਕਰਦੀ ਹਾਂ...

ਚਿੰਟੂ- ਪਗਲੀ ਮੈਂ ਵੀ ਇਸ ਲਈ ਪੀਂਦਾ ਹਾਂ ਕਿ ਤੂੰ ਮੈਨੂੰ ਸੋਹਣੀ ਲੱਗੇਂ।

ਮੰਗੂ- ਮੈਂ ਇੱਕ ਚੀਜ਼ ਬਣਾਈ ਹੈ ਜਿਸ ਨਾਲ ਤੁਸੀਂ ਕੰਧ ਦੇ ਦੂਸਰੇ ਪਾਸੇ ਦੇਖ ਸਕਦੇ ਹੋ।

ਭੀਖੂ- ਵਾਹ, ਅਜਿਹੀ ਕਿਹੜੀ ਚੀਜ ਹੈ ਸਾਨੂੰ ਵੀ ਦਿਖਾਉ ?

ਮੰਗੂ - ਆਹ ਦੇਖੋ ਮੈ ਕੰਧ ਵਿੱਚ ਮੋਰੀ ਕੱਢ ਦਿੱਤੀ ਹੈ।

****

ਅਧਿਆਪਕ ਪਿੰਟੂ ਨੂੰ - ਕੀ ਤੁਸੀਂ ਕਦੇ ਆਪਣੀ ਕਿਤਾਬ ਖੋਲ੍ਹ ਕੇ ਵੇਖੀ ਹੈ?

ਪਿੰਟੂ - ਹਾਂ, ਮੈਂ ਰੋਜ਼ ਕਿਤਾਬ ਖੋਲ੍ਹਦਾ ਹਾਂ...

ਅਧਿਆਪਕ - ਕਿਹੜੀ ਕਿਤਾਬ?

ਪਿੰਟੂ - ਫੇਸਬੁੱਕ...!

****

ਰਾਮੂ ਇੱਕ ਬੈਂਕ ਵਿੱਚ ਗਿਆ ਅਤੇ ਕਿਹਾ - ਮੈਂ ਇੱਕ ਸਾਂਝਾ ਖਾਤਾ ਖੋਲ੍ਹਣਾ ਚਾਹੁੰਦਾ ਹਾਂ!

ਬੈਂਕ ਮੈਨੇਜਰ - ਕਿਸ ਨਾਲ?

ਰਾਮੂ - ਜਿਸ ਦੇ ਖਾਤੇ ਵਿੱਚ ਬਹੁਤ ਸਾਰਾ ਪੈਸਾ ਹੈ।

ਬੈਂਕ ਮੈਨੇਜਰ (ਗਾਰਡ ਨੂੰ) - ਇਸ ਨੂੰ ਮਾਰ ਕੇ ਬਾਹਰ ਕੱਢੋ।

****

ਅਧਿਆਪਕ ਚਿੰਪੂ ਨੂੰ - ਮੈਨੂੰ ਦੱਸੋ, 'ਨੀਮ ਹਕੀਮ ਖਤਰਾ-ਏ-ਜਾਨ 'ਦਾ ਕੀ ਅਰਥ ਹੈ?

ਚਿੰਪੂ - ਹੇ ਹਕੀਮ, ਨਿੰਮ ਦੇ ਦਰੱਖਤ 'ਤੇ ਨਾ ਚੜ੍ਹੋ, ਤੁਹਾਡੀ ਜਾਨ ਨੂੰ ਖ਼ਤਰਾ ਹੈ।

****

ਇੱਕ ਦਿਨ ਪਤੀ ਨੇ ਆਪਣੀ ਪਤਨੀ ਨੂੰ ਸ਼ਰਾਬ ਦਾ ਸੁਆਦ ਚੱਖਾਇਆ। ਪਤਨੀ: ਇਹ ਬਹੁਤ ਕੌੜੀ ਹੈ।

ਪਤੀ :...ਤਾਂ ਤੂੰ ਕੀ ਸੋਚਿਆ ਕਿ ਮੈਂ ਬਦਨਾਮੀ ਕਰਦਾ ਹਾਂ। ਮੈਂ ਜ਼ਹਿਰ ਦੇ, ਜ਼ਹਿਰ ਦੇ ਘੁੱਟ ਪੀਂਦਾ ਹਾਂ।

****

ਇੱਕ ਵਾਰ ਚਮੜੀ ਦੇ ਰੋਗਾਂ ਦਾ ਮਾਹਰ ਹੋਟਲ ਵਿੱਚ ਖਾਣਾ ਖਾਣ ਗਿਆ। ਵੇਟਰ ਉਸ ਨੂੰ ਖਾਣੇ ਦਾ ਮੈਨਿਊ ਦੇ ਕੇ ਕੋਲ ਖੜ੍ਹਾ ਹੋ ਕੇ ਇੱਕ ਪੈਰ ਨਾਲ ਦੂਜਾ ਪੈਰ ਖੁਰਕਣ ਲੱਗਾ। ਡਾਕਟਰ ਨੇ ਪੁੱਛਿਆ, ''ਖੁਜਲੀ ਹੈ?'' ਵੇਟਰ ਨੇ ਕਿਹਾ, ''ਮੈਨਿਊ ਵਿੱਚ ਦੇਖ ਲਓ ਸਾਹਿਬ, ਜੇ ਇਸ ਵਿੱਚ ਲਿਖੀ ਹੋਈ ਤਾਂ ਮਿਲ ਜਾਏਗੀ।''

****

ਦੋ ਦੋਸਤ ਇੱਕ ਚੰਗੇ ਜਿਹੇ ਰੈਸਟੋਰੈਂਟ ਵਿੱਚ ਗਏ। ਵੇਟਰ ਨੇ ਬੁਲਾ ਕੇ ਦੋ ਸਾਫਟ ਡ੍ਰਿੰਕਸ ਦਾ ਆਰਡਰ ਕੀਤਾ। ਜਦੋਂ ਵੇਟਰ ਸਾਫਟ ਡ੍ਰਿੰਕਸ ਲੈ ਕੇ ਪਰਤਿਆ ਤਾਂ ਦੇਖਿਆ ਕਿ ਉਹ ਦੋਵੇਂ ਆਪਣੀ-ਆਪਣੀ ਜੇਬ ਵਿੱਚੋਂ ਸੈਂਡਵਿਚ ਕੱਢ ਕੇ ਖਾ ਰਹੇ ਸਨ।'' ''ਤੁਸੀਂ ਲੋਕ ਇੱਥੇ ਆਪਣੀਆਂ ਚੀਜ਼ਾਂ ਨਹੀਂ ਖਾ ਸਕਦੇ।'' ਵੇਟਰ ਨੇ ਕਿਹਾ।ਇਹ ਸੁਣ ਕੇ ਦੋਵਾਂ ਦੋਸਤਾਂ ਨੇ ਆਪਣੇ-ਆਪਣੇ ਸੈਂਡਵਿਚ ਆਪਸ ਵਿੱਚ ਬਦਲ ਲਏ।

****

ਫਲਾਈਟ ਫੜਨ ਦੀ ਜਲਦੀ ਵਿੱਚ ਇੱਕ ਯਾਤਰੀ ਆਪਣੀ ਸ਼ੇਵਿੰਗ ਕਿੱਟ ਹੋਟਲ ਦੇ ਕਮਰੇ ਵਿੱਚ ਹੀ ਭੁੱਲ ਗਿਆ। ਟੈਕਸੀ ਫੜਨ ਸਮੇਂ ਉਸ ਨੂੰ ਕਿੱਟ ਦੀ ਯਾਦ ਆਈ ਤਾਂ ਉਸ ਨੇ ਹੋਟਲ ਦੇ ਵੇਟਰ ਨੂੰ ਬੁਲਾ ਕੇ ਕਿਹਾ, ''ਮੈਂ ਜਲਦੀ ਵਿੱਚ ਹਾਂ। ਤੁਸੀਂ ਮੇਰੇ ਕਮਰੇ ਵਿੱਚ ਜਾਓ ਅਤੇ ਦੇਖ ਕੇ ਆਓ ਕਿ ਕਿਤੇ ਮੇਰੀ ਸ਼ੇਵਿੰਗ ਕਿੱਟ ਉਥੇ ਤਾਂ ਨਹੀਂ ਰਹਿ ਗਈ।''ਵੇਟਰ ਥੋੜ੍ਹੀ ਦੇਰ ਬਾਅਦ ਪਰਤਿਆ ਤਾਂ ਬੇਸਬਰੀ ਨਾਲ ਉਡੀਕ ਰਹੇ ਯਾਤਰੀ ਨੇ ਪੁੱਛਿਆ, ''ਕਿਉਂ ਬਈ, ਦੇਖ ਆਇਐਂ? ਹਾਂ ਸਾਹਿਬ, ਦੇਖ ਆਇਆਂ।''

ਵੇਟਰ ਬੋਲਿਆ, ''ਤੁਹਾਡੀ ਕਿੱਟ ਤੁਹਾਡੇ ਕਮਰੇ ਵਿੱਚ ਹੀ ਹੈ।''

SINGH THIND & ASSOCIATES

#208, 7110 120 Street, Surrey, BC

"ਆਪਣੇ ਭਾਈਚਾਰੇ ਦਾ ਮਾਣ"

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits



604.543.3886

SINGH THIND & ASSOCIATES
BARRISTERS & SOLICITORS

ਗੁਜਰਾਤ ਚੋਣ ਯੁੱਧ ਤਿੰਨ ਧਿਰੀ:8 ਦਸੰਬਰ ਨੂੰ ਆਉਣਗੇ ਨਤੀਜੇ

ਇਸ ਸਮੇਂ ਸਾਰੇ ਦੇਸ਼ ਦੀਆਂ ਨਜ਼ਰਾਂ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਸੰਭਾਵਤ ਨਤੀਜਿਆਂ 'ਤੇ ਲੱਗੀਆਂ ਹੋਈਆਂ ਹਨ। ਇਹ ਇਸ ਲਈ ਵੀ ਹੈ ਕਿ ਜੇ ਭਾਜਪਾ ਗੁਜਰਾਤ ਹਾਰ ਜਾਂਦੀ ਹੈ ਤਾਂ ਮੋਦੀ ਦੇ ਭਵਿੱਖ ਉਤੇ ਸੁਆਲੀਆ ਨਿਸ਼ਾਨ ਲੱਗ ਜਾਂਦਾ ਹੈ। ਇਸ ਵੇਲੇ ਦੀਆਂ ਪ੍ਰਸਥਿਤੀਆਂ ਮੁਤਾਬਕ ਗੁਜਰਾਤ ਵਿੱਚ ਤਿੰਨ ਪਾਰਟੀਆਂ, ਭਾਜਪਾ, ਕਾਂਗਰਸ ਤੇ ਆਪ ਵਿੱਚ ਗਹਿਗੱਚ ਲੜਾਈ ਹੋਣ ਦੇ ਸਮਾਚਾਰ ਹਨ। ਗੁਜਰਾਤ ਦੇ ਵੱਖ-ਵੱਖ ਖੇਤਰਾਂ ਦੀ ਗੱਲ ਕਰੀਏ ਤਾਂ ਸੌਰਾਸ਼ਟਰ ਤੇ ਕੱਛ ਵਿੱਚ ਕਾਂਗਰਸ ਦੀ ਪਕੜ ਮਜ਼ਬੂਤ ਹੈ। ਮੱਧ ਤੇ ਦੱਖਣ ਗੁਜਰਾਤ ਵਿੱਚ ਭਾਜਪਾ ਨੂੰ ਤਕੜਾ ਸਮਝਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਆਦਿਵਾਸੀ ਏਰੀਏ ਵਿੱਚ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਸਮਝਿਆ ਜਾ ਰਿਹਾ ਹੈ ।

ਗੁਜਰਾਤ ਵਿੱਚ ਆਦਿਵਾਸੀਆਂ ਦੀ 15 ਫ਼ੀਸਦੀ ਅਬਾਦੀ ਹੈ। ਆਦਿਵਾਸੀਆਂ ਲਈ 27 ਵਿਧਾਨ ਸਭਾ ਸੀਟਾਂ ਰਿਜ਼ਰਵ ਹਨ। ਇਨ੍ਹਾਂ ਤੋਂ ਇਲਾਵਾ ਵੀ ਦੋ ਦਰਜਨ ਸੀਟਾਂ 'ਤੇ ਉਨ੍ਹਾਂ ਦਾ ਤਕੜਾ ਪ੍ਰਭਾਵ ਹੈ। ਕਾਂਗਰਸ ਦੀ ਚੋਣ ਰਣਨੀਤੀ ਮੁਤਾਬਕ ਇਸ ਵਾਰ ਉਹ ਆਪਣਾ ਸਾਰਾ ਧਿਆਨ ਪੇਂਡੂ ਖੇਤਰ ਦੀਆਂ 125 ਸੀਟਾਂ ਉੱਤੇ ਕੇਂਦਰਤ ਕਰ ਰਹੀ ਹੈ। ਕਾਂਗਰਸ ਕੋਲ ਆਦਿਵਾਸੀਆਂ ਦੇ ਵੱਡੇ ਆਗੂ ਵਜੋਂ ਅਨੰਤ ਪਟੇਲ ਮੌਜੂਦ ਹੈ। ਗੁਜਰਾਤ ਦੀ ਭਾਜਪਾ ਸਰਕਾਰ ਨੇ ਕੇਨ-ਬੇਤਵਾ ਲੰਕ ਪ੍ਰੋਜੈਕਟ, ਦਮਨ ਗੰਗਾ-ਪਿੰਜਲ ਪ੍ਰੋਜੈਕਟ, ਪਾਰ-ਤਾਪੀ-ਨਰਮਦਾ ਪ੍ਰੋਜੈਕਟ, ਗੋਦਾਵਰੀ-ਕ੍ਰਿਸ਼ਨਾ ਪ੍ਰੋਜੈਕਟ, ਕ੍ਰਿਸ਼ਨਾ-ਪਨੇਰ ਪ੍ਰੋਜੈਕਟ ਤੇ ਪਨੇਰ-ਕਾਵੇਰੀ ਪ੍ਰੋਜੈਕਟ ਅਧੀਨ ਆਦਿਵਾਸੀਆਂ ਦਾ ਵੱਡੇ ਪੱਧਰ ਉੱਤੇ ਉਜਾੜਾ ਕੀਤਾ ਤੇ ਮੁਆਵਜ਼ਾ ਵੀ ਨਿਗੂਣਾ ਦਿੱਤਾ ਸੀ। ਅਨੰਤ ਪਟੇਲ ਦੀ ਅਗਵਾਈ ਵਿੱਚ ਆਦਿਵਾਸੀ ਲਗਾਤਾਰ ਸੰਘਰਸ਼ ਕਰਦੇ ਰਹੇ ਹਨ। ਦੂਜੇ ਪਾਸੇ ਭਾਜਪਾ ਵੱਲੋਂ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਬਣਾਏ ਜਾਣ ਕਾਰਣ ਆਦਿਵਾਸੀ ਗੌਰਵ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀਆਂ ਰੈਲੀਆਂ ਵਿੱਚ ਭਾਰੀ ਭੀੜ ਇਕੱਠੀ ਹੋ ਰਹੀ ਹੈ । ਉਸ ਦੀਆਂ ਗਰੰਟੀਆਂ ਕਿੰਨਾ ਅਸਰ ਪਾਉਣਗੀਆਂ, ਇਹ ਤਾਂ ਨਤੀਜੇ ਹੀ ਦੱਸਣਗੇ।

ਆਦਿਵਾਸੀ ਭਾਈਚਾਰੇ ਵਾਂਗ ਹੀ ਦਲਿਤ ਵਰਗ ਦੀ ਵੀ ਕੁਝ ਸੀਟਾਂ ਉੱਤੇ ਚੰਗੀ ਪਕੜ ਹੈ। ਇਸ ਵਰਗ ਦੀ ਅਬਾਦੀ ਸਿਰਫ਼ 8 ਫ਼ੀਸਦੀ ਹੈ ਤੇ 13 ਸੀਟਾਂ ਇਨ੍ਹਾਂ ਲਈ ਰਿਜ਼ਰਵ ਹਨ। ਇੱਕਮੁੱਠ ਅਬਾਦੀ ਹੋਣ ਕਾਰਨ ਇਸ ਵਰਗ ਦਾ 25 ਸੀਟਾਂ ਉੱਤੇ ਦਬਦਬਾ ਹੈ। ਭਾਜਪਾ ਨੇ 2007 ਤੇ 2012 ਦੀਆਂ ਚੋਣਾਂ ਵਿੱਚ ਇਸ ਵਰਗ ਦੀਆਂ ਰਿਜ਼ਰਵ ਸੀਟਾਂ ਵਿੱਚੋਂ 11 ਤੇ 10 ਜਿੱਤੀਆਂ ਸਨ ਤੇ ਕਾਂਗਰਸ ਦੇ ਖਾਤੇ ਵਿੱਚ 2 ਤੇ 3 ਸੀਟਾਂ ਆਈਆਂ ਸਨ। ਅਗਲੀਆਂ ਚੋਣਾਂ ਦੇ ਆਉਣ ਤੱਕ ਭਾਜਪਾ ਦੀ ਇਸ ਵਰਗ ਉੱਤੇ ਪਕੜ ਕਮਜ਼ੋਰ ਹੋ ਗਈ ਤੇ 2017 ਵਿੱਚ ਉਸ ਨੂੰ ਸਿਰਫ਼ 7 ਸੀਟਾਂ ਹੀ ਮਿਲ ਸਕੀਆਂ। ਕਾਂਗਰਸ ਨੂੰ 5 ਤੇ ਇੱਕ ਸੀਟ ਕਾਂਗਰਸ ਦੀ ਹਮੈਤ ਪ੍ਰਾਪਤ ਅਜ਼ਾਦ ਉਮੀਦਵਾਰ ਜਿਗਨੇਸ਼ ਮੇਵਾਣੀ ਨੂੰ ਮਿਲੀ ਸੀ। ਇਸ ਵੇਲੇ ਜਿਗਨੇਸ਼ ਮੇਵਾਣੀ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਹਨ ਤੇ ਦਲਿਤ ਸਮਾਜ ਦਾ ਵੱਡਾ ਚਿਹਰਾ ਹਨ ।

ਆਮ ਆਦਮੀ ਪਾਰਟੀ ਦਾ ਸਾਰਾ ਜ਼ੋਰ ਮੁੱਖ ਤੌਰ ਉੱਤੇ ਸ਼ਹਿਰੀ ਸੀਟਾਂ ਉੱਤੇ ਲੱਗਾ ਹੋਇਆ ਹੈ। ਭਾਜਪਾ ਨੂੰ ਡਰ ਹੈ ਕਿ 'ਆਪ' ਉਸ ਦੀਆਂ ਸ਼ਹਿਰੀ ਵੋਟਾਂ ਨੂੰ ਸੰਨ੍ਹ ਲਾ ਸਕਦੀ ਹੈ। ਪਿਛਲੇ ਦਿਨੀਂ ਆਮ ਆਦਮੀ ਪਾਰਟੀ ਦੇ ਸੂਰਤ ਤੋਂ ਉਮੀਦਵਾਰ ਵੱਲੋਂ ਭਾਜਪਾ ਦੇ ਦਬਾਅ ਹੇਠ ਕਾਗਜ਼ ਵਾਪਸ ਲੈਣ ਤੋਂ ਵੀ ਇਹੋ ਇਸ਼ਾਰਾ ਮਿਲਦਾ ਹੈ ।

ਹੁਣ ਤੱਕ ਦੀਆਂ ਰਿਪੋਰਟਾਂ ਮੁਤਾਬਕ ਭਾਜਪਾ ਤੇ ਕਾਂਗਰਸ ਬਰਾਬਰ ਦੀ ਲੜਾਈ ਲੜ ਰਹੀਆਂ ਹਨ। ਆਮ ਆਦਮੀ ਪਾਰਟੀ ਬਾਰੇ ਰਿਪੋਰਟਾਂ ਹਨ ਕਿ ਇਹ 20 ਸੀਟਾਂ ਉੱਤੇ ਭਾਜਪਾ ਤੇ 12 ਸੀਟਾਂ 'ਤੇ ਕਾਂਗਰਸ ਦਾ ਨੁਕਸਾਨ ਕਰ ਰਹੀ ਹੈ। ਅੱਜ ਤੱਕ ਦੀਆਂ ਰਿਪੋਰਟਾਂ ਮੁਤਾਬਕ ਗੁਜਰਾਤ ਵਿੱਚ ਬਹੁਤੇ ਆਸਾਰ ਲਟਕਵੀਂ ਵਿਧਾਨ ਸਭਾ ਦੇ ਹਨ।

ਪਹਿਲੇ ਗੇੜ ਦੀਆਂ ਵੋਟਾਂ ਪੈਣ ਵਿੱਚ 10 ਦਿਨ ਤੇ ਦੂਜੇ ਗੇੜ ਦੀਆਂ ਵੋਟਾਂ ਪੈਣ ਵਿੱਚ 15 ਦਿਨ ਰਹਿੰਦੇ ਹਨ। ਹਰ ਪਾਰਟੀ ਪੂਰਾ ਜ਼ੋਰ ਲਾ ਰਹੀ ਹੈ। ਭਾਜਪਾ ਦਾ ਪੂਰਾ ਦਾਰੋਮਦਾਰ ਮੋਦੀ ਦੀ ਛਵੀ ਉੱਤੇ ਹੈ। ਉਸ ਦੀਆਂ ਲਗਾਤਾਰ ਰੈਲੀਆਂ ਹੋ ਰਹੀਆਂ ਹਨ। ਕਾਂਗਰਸ ਨੇ ਵੀ 5 ਪ੍ਰਵਰਤਨ ਯਾਤਰਾਵਾਂ ਰਾਹੀਂ 175 ਹਲਕੇ ਗਾਹ ਲਏ ਹਨ। ਆਉਂਦੇ ਦਿਨੀਂ ਰਾਹੁਲ ਗਾਂਧੀ ਦੀਆਂ ਰੈਲੀਆਂ ਪ੍ਰਸਤਾਵਤ ਹਨ। ਆਮ ਆਦਮੀ ਪਾਰਟੀ ਨੇ ਦਿੱਲੀ ਤੇ ਪੰਜਾਬ ਦੇ ਮੰਤਰੀਆਂ ਦੀ ਪੂਰੀ ਫੌਜ ਗੁਜਰਾਤ ਜਿੱਤਣ ਉੱਤੇ ਲਾਈ ਹੋਈ ਹੈ। ਇਹ ਤਿੰਨ ਧਿਰੀ ਤਾਬੜਤੋੜ ਚੋਣ ਯੁੱਧ ਵਿੱਚ ਕਿਹੜੀ ਧਿਰ ਆਪਣੇ ਵੱਲ ਨੂੰ ਪਾਸਾ ਪਲਟ ਲੈਂਦੀ ਹੈ, ਇਸ ਦਾ ਪਤਾ ਤਾਂ 8 ਦਸੰਬਰ ਨੂੰ ਨਤੀਜੇ ਆਉਣ ਤੋਂ ਬਾਅਦ ਹੀ ਲੱਗੇਗਾ ।

ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਭਾਗ

ਹਾਲੇ ਵੀ ਨਹੀ, ਮੌਤ ਦੇ ਕੰਢੇ ਤਕ ਪਹੁੰਚ ਕੇ ਵੀ ਨਹੀ, ਹਜੇ ਵੀ ਗੀਟੀਆਂ ਗਿਣੀ ਜਾਂਦਾ। ਦੇਹ ਦਾ ਆਖਰੀ ਪੜਾਅ ਪਰ 'ਹੋਰ' ਹਾਲੇ ਵੀ ਨਾ ਗਈ। ਹਾਲੇ ਵੀ ਪੁਛੀ ਜਾਂਦਾ ਸਾਰੇ ਮੇਰੇ ਸਰਾਣੇ ਖੜੇ ਜੇ ਹੱਟੀ ਤੇ ਕੌਣ ਐ।

ਇਧਰੋਂ ਪੁਟ ਕੇ ਉਧਰ ਲਾਓਂਣਾ ਸੀ ਪਰ ਲਗ ਹੀ ਨਾ ਸਕਿਆ। ਆਖਰ ਤਕ ਨਾ ਲਗ ਸਕਿਆ। ਆਖਰ ਤਕ ਭਟਕੀ ਗਿਆ, ਦੌੜੀ ਗਿਆ ਮੰਜੇ ਤੇ ਪਿਆ ਵੀ। ਨਾਲੀਆਂ ਲਗੀਆਂ ਤੇ ਵੀ, ਨਾਸਾਂ ਵਿਚ ਟੂਟੀਆਂ ਤੁੰਨੀਆਂ ਤੇ ਵੀ ਘਰ ਦਾ ਫਿਕਰ। ਸਾਹ ਰਲਦਾ ਨਾ ਸੀ ਫਿਰ ਵੀ ਚਿੰਤਾ ਨਿਆਣਿਆਂ ਦਾ ਕੀ ਬਣੂੰ ਯਾਣੀ ਰਬ ਹਾਲੇ ਵੀ ਨਾ ਬਹੁੜਿਆ। ਰਬ ਦੀ ਹਾਲੇ ਵੀ ਨਾ ਬਹੁੜੀ ਕੀਤੀ।

ਭਾਗ ਦੇਖੋ ਬੰਦੇ ਦੇ ਕਿ ਸ਼ਾਮ ਪੈ ਗਈ, ਹਨੇਰਾ ਮੂੰਹ ਅਡੀ ਖੜਾ, ਵੱਗ ਘਰਾਂ ਨੂੰ ਹਕ ਲਏ ਲੋਕਾਂ, ਖੌਪੀਆ ਹੋ ਗਿਆ ਪਰ ਮੇਰਾ ਘਰੇ ਮੁੜਨ ਦਾ ਹਾਲੇ ਵੀ ਖਿਆਲ ਨਾ, ਹਾਲੇ ਵੀ ਫਿਕਰ ਨਾ, ਹਜੇ ਵੀ ਚਿੰਤਾ ਨਹੀ ਕਰਦਾ ਕਿ ਸਮਾਨ ਬੰਨ ਲਾਂ ਮੌਤ ਦੀ ਗਡੀ ਤਾਂ ਚੀਕਾਂ ਮਾਰੀ ਚੜੀ ਆਓਂਦੀ ਸਿਰ ਤੇ।

ਬਾਬਾ ਫਰੀਦ ਜੀ ਬੰਦੇ ਦੇ ਭਾਗ ਉਪਰ ਤਰਸ ਕਰਦੇ ਨੇ ਕਿ ਦੇਹੀ ਦਾ ਮਾਸ ਖਾਧਾ ਗਿਆ, ਬਿਨਾ ਮਾਸ ਤੋਂ ਹਡੀਆਂ ਪਿਚਕ ਗਈਆਂ, ਅੰਗ ਜਵਾਬ ਦੇਈ ਖੜੇ ਨੇ, ਕੰਨ ਸੁਣਨੋ ਹਟ ਗਏ ਜੁਬਾਨ ਬੋਲਣੋ ਥਥਕਾ ਗਈ ਪਰ ਹਾਲੇ ਵੀ ਅਵਾਜਾਂ ਮਾਰੀ ਜਾਂਦਾ ਕਿ ਮੇਰੇ ਨਾਲ ਕੋਈ ਦੋ ਗਲਾਂ ਈ ਕਰ ਲਉ ਓਏ। ਪਰ ਗੱਲ ਕਰੇ ਕੌਣ ਹੁਣ ਸੁਣਦਾ ਤਾਂ ਹੈ ਕੁਝ ਨਹੀ, ਚੇਤਿਆਂ ਵਿਚ ਤਾਂ ਬਚਿਆ ਕੁਝ ਨਹੀ, ਲਫਜ ਲਭਦਾ ਫਿਰ ਗਵਾਚ ਜਾਂਦੇ। ਚੇਤਿਆਂ ਨਾਲ ਗੁਥਮ ਗੁਥਾ ਹੁੰਦਾ ਪਰ ਲਫਜ ਫਿਰ ਹਥੋਂ ਛੁਟ ਜਾਂਦੇ ਜਿੰਨੇ ਚਿਰ ਨੂੰ ਫਿਰ ਲਭਣ ਜਾਂਦਾ ਓਨੇਂ ਚਿਰ ਅਗਲਾ ਔਹ ਗਿਆ ਈ। ਇਨਾ ਸਮਾ ਕਿਥੇ ਸੀ ਕਿ ਤੈਨੂੰ ਕੋਈ ਉਡੀਕਦਾ ਰਹਿੰਦਾ ਕਿ ਕਦ ਤੂੰ 'ਮੋਤੀ' ਚੁਗਣ ਗਿਆ ਮੁੜੇਂ ਤੇ ਮੈਂ ਤੁਰਾਂ। ਸੂਰਤ ਕਿਓਂਕਿ ਹਰ ਸਮੇ ਸੰਸਾਰ ਵੰਨੀ ਤੁਰਨ ਦੀ ਆਦੀ ਰਹੀ ਤਾਂ ਹੁਣ ਰਬ ਕਿਥੇ ਬਹੁੜ ਪਊ। ਸੂਰਤ ਦਾ ਵਹਾ ਤਾਂ ਹੇਠਾਂ ਨੂੰ ਵਹਿੰਦਾ ਰਿਹਾ ਹੁਣ ਥਕੀ ਹੋਈ ਦੇਹੀ ਕਿਥੇ ਉਪਰ ਲੈ ਚਤੂ। ਸੂਰਤ ਜਦ ਜਵਾਨ ਸੀ ਤਾਂ ਵਿਹਲੀ ਰਹਿਣ ਹੀ ਕਿਥੇ ਦਿਤੀ ਸੀ ਮੈਂ ਕਿ ਖੁਦ ਦੇ ਅੰਦਰ ਵੀ ਉਤਰ ਕੇ ਦੇਖਿਆ ਜਾ ਸਕਦਾ। ਖੁਦ ਨਾਲ ਵੀ ਬੈਠਿਆ ਜਾ ਸਕਦਾ। ਖੁਦ ਦਾ ਦੁਖ ਸੁਖ ਵੀ ਕੀਤਾ ਜਾ ਸਕਦਾ। ਉਸ ਸਮੇ ਤਾਂ ਉਡੂੰ ਉਡੂੰ ਕਰਦੀ ਸੂਰਤ ਚਲ ਪਾਰਟੀ, ਚਲ ਬੋਤਲ, ਚਲ ਯਾਰਾਂ ਦੀ ਮਹਿਫਲ, ਚਲ ਸਰਪੰਚੀ, ਚਲ ਲੀਡਰੀ, ਵਿਆਹ, ਭੋਗ, ਜਮਣਾ ਮਰਨਾ ਛਡਿਆ ਹੀ ਕੁਝ ਤਾਂ ਖੁਦ ਦਾ ਮਰਣਾ ਤਾਂ ਭੁਲਣਾ ਹੀ ਸੀ। ਸੂਰਤ ਵਿਚ ਰਬ ਕਿਥੇ ਬਹੁੜਨਾ ਸੀ। ਬਸ ਏਹੀ ਬੰਦੇ ਦੇ ਭਾਗ ਕਿ ਹਾਲੇ ਵੀ ਨਹੀ, ਹਜੇ ਵੀ ਨਹੀ, ਹੁਣ ਵੀ ਨਹੀ ਬਹੁੜਿਆ ਕਿਓਂਕਿ ਬਹੁੜਨ ਦੇ ਤਾਂ ਰਸਤੇ ਹੀ ਬੰਦ ਕਰ ਰਖੇ ਸਨ। ਬਹੁੜਨ ਲਈ ਕੋਈ ਰਸਤਾ ਵੀ ਤਾਂ ਪਧਰਾ ਚਾਹੀਦਾ ਸੀ। ਕੋਈ ਰਾਹ ਖੈੜਾ ਵੀ ਤਾਂ ਬਣਾਇਆ ਹੁੰਦਾ। ਕੋਈ ਪਗਡੰਡੀ, ਕੋਈ ਵਟ ਬੰਨਾ। ਜਦ ਇਧਰਲੇ ਰਸਤੇ ਕਦੇ ਲੰਘਿਆ ਹੀ ਨਾ ਸੀ ਤਾਂ ਹੁਣ ਇਸ ਦੀ ਪਛਾਣ ਕਿਥੇ। ਗਵਾਚਿਆਂ ਰਾਹਾਂ ਦੀ ਪਛਾਣ ਕਾਹਨੂੰ। ਜਿੰਦਗੀ ਦਾ ਹਨੇਰਾ ਪਏ ਤੇ ਰਸਤੇ ਹੁਣ ਕਿਥੇ ਬਣ ਜਾਣਗੇ। ਇਹ ਭਾਗ ਮੈਂ ਖੁਦ ਹੀ ਤਾਂ ਲਿਖ ਗਿਆ। ਇਹ ਰਸਤੇ ਤਾਂ ਮੈਂ ਖੁਦ ਹੀ ਗੁਆ ਬੈਠਾ ਤਾਂ ਹੁਣ ਜਦ ਸੁਣਦਾ ਕੋਈ ਨਹੀ ਤਾਂ ਦੁਖ ਕਾਹਦਾ।

ਪਲ ਤਾਂ ਇਹ ਜਿੰਦਗੀ ਦੇ ਆਓਂਣੇ ਹੀ ਹੁੰਦੇ ਨੇ ਪਰ ਰਸਤੇ ਬਣਾਏ ਹੁੰਦੇ ਤਾਂ ਆਹਾ ਆਖਰੀ ਪਲ ਖੁਦ ਨਾਲ ਬੈਠ ਕੇ ਚੰਗੇ ਲੰਘ ਜਾਂਦੇ। ਰਬ ਬਹੁੜ ਪੈਂਦਾ ਹੁੰਦਾ ਯਾਣੀ ਮੈਂ ਤੇ ਤੂੰ ਇਕਮਿੱਕ ਹੋ ਕੇ ਖੁਸ਼ੀ ਖੁਸ਼ੀ ਵਿਦਾ ਹੋ ਲੈਂਦੇ ਇਸ ਸੰਸਾਰ ਤੋਂ। ਰੋਦਿਆਂ ਨਾ ਜਾਣਾ ਪੈਂਦਾ। ਕਿਸੇ ਨੂੰ ਗਲ ਸੁਣਾਓਣ ਲਈ ਜਾਂ ਕਿਸੇ ਦੀ ਸੁਣਨ ਲਈ ਤਰਸਣਾ ਨਾ ਪੈਂਦਾ।

ਜਦ ਲਫਜਾਂ ਦੇ ਭੰਡਾਰ ਅੰਦਰ ਭਰੇ ਪਏ ਸਨ ਅਤੇ ਸੂਰਤ ਦੀ ਪਕੜ ਵਿਚ ਸਨ ਉਸ ਸਮੇ ਤਾਂ ਓਹ ਮੈ ਫੜੇ ਨਾ ਜਿਹੜੇ ਮੈਨੂੰ ਮੇਰੇ ਖੁਦ ਦੇ ਧੁਰ ਨਾਲ ਇਕਮਿੱਕ ਕਰ ਸਕਦੇ ਤਾਂ ਹੁਣ ਕਿਥੇ। ਓਦੋਂ ਤਾਂ ਯਬਲੀਆਂ ਛਡੀਆਂ ਅਤੇ ਝਖਾਂ ਮਾਰੀਆਂ ਤਾਂ ਕਦੇ ਝਖਾਂ ਜਾਂ ਯਬਲੀਆਂ ਨੇ ਵੀ ਸਾਥ ਨਿਭਾਇਆ। ਝਖਾਂ ਵਾਲੇ ਯਾਰ ਬੇਲੀ ਤਾਂ ਖੁਦ ਰੋਂਦੇ ਚਲੇ ਗਏ ਕਦ ਦੇ ਹੁਣ ਕਿਹੜੇ ਯਾਰ ਅਣਮੁਲੇ ਲਭੇਂਗਾ। ਬਾਬਾ ਜੀ ਅਪਣੇ ਤਾਂ ਕਦ ਦੇ ਕਹਿੰਦੇ ਰਹੇ ਕਿ ਕਚਿਆਂ ਨਾਲੋਂ ਤੋੜ ਦੇਹ ਪਕੇ ਬੇਲੀ ਲਭ ਜਿਹੜੇ ਮਰਿਆਂ ਤੇ ਵੀ ਨਾ ਛਡਣ ਪਰ ਮੇਰਾ ਝਖਾਂ ਵਿਚੋਂ ਵਿਹਲ ਹੀ ਕਿਥੇ ਸੀ।

ਕਮਲਿਆ ਸਾਰੀ ਉਮਰ ਗਲਾਂ ਨਾ ਮੁਕੀਆਂ ਹੁਣ ਤਾਂ ਮੁਕਾ ਲੈਂਦਾ। ਹੁਣ ਤਾਂ ਸੁਣਨ ਸੁਣਾਓਂਣ ਛਡ ਕੇ ਖੁਦ ਦੇ ਅੰਦਰ ਉਤਰ ਲੈਂਦਾ। ਹੁਣ ਤਾਂ ਸੰਸਾਰ ਨੂੰ ਜਿਓਂਦੇ ਜੀਅ ਅਲਵਿਦਾ ਆਖਣ ਦਾ ਹੌਸਲਾ ਕਰ ਸਕਦਾ ਹੁੰਦਾ।

ਪਰ ਬੰਦੇ ਦੀ ਆਖਰੀ ਸਮੇ ਸੂਰਤ ਦਾ ਦੁਖਾਂਤ ਦੇਖ ਬਾਬਾ ਜੀ ਕਹਿੰਦੇ ਹਜੇ ਵੀ ਰਬ ਨਹੀ ਬਹੁੜਿਆ ਭਾਗ ਦੇਖੋ ਇਸ ਬੰਦੇ ਦੇ। ਹਾਲੇ ਵੀ ਤਰਸੀ ਜਾਂਦਾ ਕਿ ਮੇਰੀ ਸੁਣ ਲਓ ਓਏ ਕੋਈ।

-ਗੁਰਦੇਵ ਸਿੰਘ ਸੱਧੇਵਾਲੀਆ

LANGLEY BANQUET HALL

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿੰਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ

DAVINDER GREWAL
604.537.9759
3227 264 St. Aldergrovw, BC V4W2X3

AMAYA LIVING

60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

ਜਥੇਦਾਰ ਦੇ ਨਾਮ ਖੁੱਲ੍ਹਾ ਖ਼ਤ

ਗਿਆਨੀ ਹਰਪ੍ਰੀਤ ਸਿੰਘ ਜੀ,
ਕਾਰਜਕਾਰੀ ਜੱਥੇਦਾਰ ਸਾਹਿਬ
ਅਕਾਲ ਤਖਤ ਸਾਹਿਬ, ਅੰਮ੍ਰਿਤਸਰ।
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

ਵਿਸ਼ਾ:– ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ।

ਸਤਿਕਾਰ ਯੋਗ ਗਿਆਨੀ ਹਰਪ੍ਰੀਤ ਸਿੰਘ ਜੀ, ਆਪ ਜੀ ਵੱਲੋਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਲਿਖਿਆ ਗਿਆ ਪੱਤਰ ਅਖ਼ਬਾਰਾਂ ਦੀਆਂ ਸੁਰਖੀਆਂਦਾ ਸ਼ਿੰਗਾਰਬਣਿਆ ਹੋਇਆ ਹੈ। ਆਪ ਜੀ ਦੀ ਚਿੰਤਾ ਦਾ ਕਾਰਨ ਹੈ ਕਿ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ,ਜੋ ਹਰ ਸਾਲ 13 ਪੋਹ ਨੂੰ ਮਨਾਇਆ ਜਾਂਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਸ ਸਾਲ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ 14 ਪੋਹ ਨੂੰ ਆ ਰਿਹਾ ਹੈ। ਸ਼ਹੀਦੀ ਹਫ਼ਤੇ ਵਿੱਚ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਨਗਰ ਕੀਰਤਨਨਹੀਂ ਕੱਢੇ ਜਾ ਸਕਦੇ। ਇਸ ਸਬੰਧੀ ਆਪ ਜੀ ਦੀ ਚਿੰਤਾ ਜਾਇਜ਼ ਹੈ। ਇਸ ਲਈ ਆਪ ਜੀ ਨੇ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖ ਕੇ ਆਦੇਸ਼ ਦਿੱਤਾ ਹੈ ਕਿ ਵਿਦਵਾਨਾਂ ਦੀ ਰਾਏ ਨਾਲ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

ਜਥੇਦਾਰ ਜੀ, ਆਪ ਜੀ ਦੇ ਧਿਆਨ ਹਿੱਤ ਬੇਨਤੀ ਹੈ ਕਿ ਜਿਹੜੀ ਸਮੱਸਿਆ ਅੱਜ ਆਈ ਹੈ ਇਹ ਅਤੇ ਕੈਲੰਡਰ ਸਬੰਧੀ ਅਜੇਹੀਆਂ ਹੋਰ ਸਮੱਸਿਆਵਾਂ ਦਾ ਹੱਲ ਤਾਂ ਵਿਦਵਾਨਾਂ ਨੇ 2003 ਈ: ਵਿੱਚ ਹੀ ਕਰ ਦਿੱਤਾ ਸੀ। ਪਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

ਸੰਮਤ ਨਾਨਕਸ਼ਾਹੀ	ਈ: ਸਾਲ	ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ	ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ	ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ
554	2022	8 ਪੋਹ	13 ਪੋਹ	14 ਪੋਹ
557	2025	8 ਪੋਹ	13 ਪੋਹ	13 ਪੋਹ
560	2028	8 ਪੋਹ	13 ਪੋਹ	9 ਪੋਹ
562	2030	8 ਪੋਹ	13 ਪੋਹ	15 ਪੋਹ
565	2033	8 ਪੋਹ	13 ਪੋਹ	14 ਪੋਹ
568	2036	8 ਪੋਹ	13 ਪੋਹ	11 ਪੋਹ
573	2041	8 ਪੋਹ	13 ਪੋਹ	15 ਪੋਹ
576	2044	8 ਪੋਹ	13 ਪੋਹ	12 ਪੋਹ
579	2047	8 ਪੋਹ	13 ਪੋਹ	8 ਪੋਹ
584	2052	8 ਪੋਹ	13 ਪੋਹ	14 ਪੋਹ

ਨੇ ਇਕ ਸਿਆਸੀ ਧਿਰ ਅਤੇ ਸੰਤ ਸਮਾਜ ਦੇ ਹਿੱਤਾਂ ਨੂੰ ਮੁੱਖ ਰੱਖ ਕੇ2010 ਈ: ਵਿੱਚ, ਦੋ ਮੈਂਬਰੀ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦੇ ਹੋਏ, ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਸੀ। ਜਿਸ ਕਾਰਨ ਹਰ ਸਾਲ ਕਿਸੇ-ਨਾ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾਹੈ। ਇਨ੍ਹਾਂ ਸਮੱਸਿਆਵਾਂ ਲਈ ਖ਼ੁਦ ਸ਼੍ਰੋਮਣੀ ਕਮੇਟੀ ਹੀ ਜਿੰਮੇਵਾਰ ਹੈ। ਕੀ ਸ਼੍ਰੋਮਣੀ ਕਮੇਟੀ ਇਸ ਸਵਾਲ ਦਾ ਜਵਾਬ ਦੇਵੇਗੀ ਕਿਜੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾਹਰ ਸਾਲ 8 ਪੋਹ ਅਤੇ ਵੱਡੇ ਸਾਹਿਬਜ਼ਾਦਿਆਂਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਮਨਾਇਆ ਜਾ ਸਕਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਕਿਉਂ ਨਹੀਂ ਮਨਾਇਆ ਜਾ ਸਕਦਾ?

ਜਥੇਦਾਰ ਜੀ, ਸ਼੍ਰੋਮਣੀ ਕਮੇਟੀ ਨੂੰ ਸੰਮਤ 546 ਨਾਨਕਸ਼ਾਹੀ (2014 ਈ:) ਵਿੱਚ ਵੀ ਅਜੇਹੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 13 ਪੋਹ ਨੂੰ ਆਇਆ ਸੀ। ਉਸ ਵੇਲੇ ਵੀ ਇਸ ਵਿਸ਼ੇ ਤੇ ਕਾਫੀ ਚਰਚਾ ਹੋਈ ਸੀ। ਸੰਮਤ 549 ਨਾਨਕਸ਼ਾਹੀ (2017 ਈ:) ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਹੀਦੀ ਹਫ਼ਤੇ ਦੇ ਵਿਚਕਾਰ ਭਾਵ 11 ਪੋਹ ਨੂੰ ਆਇਆ ਸੀ। ਇਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 14 ਪੋਹ ਨੂੰ ਆ ਰਿਹਾ ਹੈ। ਜੇ ਅਜੇ ਵੀ ਕੋਈ ਪੱਕਾ ਹੱਲ ਨਾ ਕੀਤਾ ਗਿਆ ਤਾਂ ਸੰਮਤ 557 ਨਾਨਕਸ਼ਾਹੀ (2025 ਈ:) ਵਿੱਚ ਫੇਰ ਇਸੇ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 13 ਪੋਹ ਨੂੰ ਆਵੇਗਾ। ਸੰਮਤ 560 ਨਾਨਕਸ਼ਾਹੀ (2028 ਈ:) ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਹੀਦੀ ਹਫ਼ਤੇ ਦੇ ਵਿਚਕਾਰ ਭਾਵ 9 ਪੋਹ ਨੂੰ ਆਵੇਗਾ। ਅਤੇ ਇਸ ਸਿਲਸਿਲਾ ਅੱਗੋਂ ਵੀ ਇਸੇ ਤਰ੍ਹਾਂ ਜਾਰੀ ਰਹੇਗਾ। ਜਥੇਦਾਰ ਜੀ, ਆਪ ਜੀ ਵੱਲੋਂ ਮੰਗੇ ਗਏ ਸੁਝਾਓ ਸਬੰਧੀ ਬੇਨਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾਵੀ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਦੀ ਤਰ੍ਹਾਂਹਰ ਸਾਲ ਪ੍ਰਵਿਸ਼ਟਿਆਂ ਮੁਤਾਬਕ, 23 ਪੋਹ ਨੂੰ ਮਨਾਇਆ ਜਾਵੇ। ਇਹ ਹੀ ਇਸ ਸਮੱਸਿਆ ਦਾ ਸਦੀਵੀ ਹੱਲ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਮਨਾਇਆ ਜਾਵੇ, ਇਸ ਤਰ੍ਹਾਂ ਕਦੇ ਵੀ ਅਜੇਹੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਆਸ ਹੈ ਕਿ ਆਪ ਜੀ ਇਸ ਸੁਝਾਓ ਤੇ ਗੌਰ ਕਰੋਗੇ।

ਸਤਿਕਾਰ ਸਹਿਤ:ਸਰਵਜੀਤ ਸਿੰਘ
ਸੈਕਰਾਮੈਂਟੋ,10 ਮੱਘਰ, ਸੰਮਤ 554 ਨਾਨਕਸ਼ਾਹੀ
(23 ਨਵੰਬਰ 2022)

ਅਸੀਂ ਜਪਾਨੀ ਹਾਂ, ਆਪਣੇ ਪਿੱਛੇ ਕੂੜਾ ਨਹੀਂ ਛੱਡਦੇ

ਦੋਹਾ: ਕਤਰ 'ਚ ਹੋ ਰਹੇ ਫੀਫਾ ਵਿਸ਼ਵ ਕੱਪ 2022 ਦਾ ਰੋਮਾਂਚ ਸਿਖਰ 'ਤੇ ਹੈ। ਟੂਰਨਾਮੈਂਟ ਦਾ ਪਹਿਲਾ ਮੈਚ ਮੇਜ਼ਬਾਨ ਕਤਰ ਅਤੇ ਇਕਵਾਡੋਰ ਵਿਚਾਲੇ ਖੇਡਿਆ ਗਿਆ। ਹਾਲਾਂਕਿ ਇਸ ਮੈਚ 'ਚ ਕਤਰ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਵਿਸ਼ਵ ਕੱਪ 'ਚ ਇਹ ਪਹਿਲੀ ਵਾਰ ਹੋਇਆ ਕਿ ਕੋਈ ਮੇਜ਼ਬਾਨ ਦੇਸ਼ ਆਪਣੇ ਓਪਨਿੰਗ ਮੈਚ 'ਚ ਹਾਰ ਗਿਆ, ਪਰ ਇਸ ਮੈਚ ਤੋਂ ਬਾਅਦ ਕੁਝ ਅਨੋਖਾ ਦੇਖਣ ਨੂੰ ਮਿਲਿਆ, ਜਦ ਜਪਾਨੀ ਫੁੱਟਬਾਲ ਪ੍ਰੇਮੀ ਕਤਰ ਅਤੇ ਇਕਵਾਡੋਰ ਮੁਕਾਬਲੇ ਨੂੰ ਦੇਖਣ ਨੂੰ ਪਹੁੰਚੇ ਅਤੇ ਮੈਚ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਜੋ ਕੀਤਾ, ਉਹ ਦਿਲ ਜਿੱਤਣ ਵਾਲਾ ਸੀ। ਮੈਚ ਤੋਂ ਬਾਅਦ ਜਪਾਨੀ ਫੁੱਟਬਾਲ ਪ੍ਰੇਮੀਆਂ ਨੇ ਸਟੇਡੀਅਮ ਦੀ ਸਫਾਈ ਕਰਕੇ ਲੋਕਾਂ ਦਾ ਦਿਲ ਜਿੱਤ ਲਿਆ। ਜਦ ਉਨ੍ਹਾਂ ਤੋਂ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬੇਸ਼ੱਕ ਸਾਡੀ ਟੀਮ ਇੱਥੇ ਨਹੀਂ ਹੈ, ਪਰ ਇੱਥੇ ਜੋ ਵੀ ਟੀਮ ਖੇਡ ਰਹੀ ਹੈ, ਸਾਨੂੰ ਉਸ ਦਾ ਅਤੇ ਉਨ੍ਹਾ ਦੇ ਝੰਡਿਆਂ ਦਾ ਸਨਮਾਨ ਕਰਨਾ ਚਾਹੀਦਾ । ਜਦ ਉਨ੍ਹਾ ਤੋਂ ਇਸ ਸਫਾਈ ਦਾ ਕਾਰਨ ਪੁੱਛਿਆ ਗਿਆ ਤਾਂ ਉਨ੍ਹਾ ਕਿਹਾ—ਅਸੀਂ ਜਪਾਨੀ ਹਾਂ ਅਤੇ ਅਸੀਂ ਆਪਣੇ ਪਿੱਛੇ ਕੂੜਾ-ਕੜਕਟ ਨਹੀਂ ਛੱਡਦੇ, ਅਸੀਂ ਹਰ ਜਗ੍ਹਾ ਦਾ ਸਨਮਾਨ ਕਰਦੇ ਹਾਂ। ਸਟੇਡੀਅਮ 'ਚ ਇੱਕ-ਦੋ ਲੋਕ ਨਹੀਂ, ਸਗੋਂ ਬਹੁਤ ਸਾਰੇ ਜਪਾਨੀ ਇਸ ਤਰ੍ਹਾਂ ਕਰਦੇ ਨਜ਼ਰ ਆਏ । ਇਸ ਤੋਂ ਪਹਿਲਾਂ ਵੀ ਸਾਲ 2018 ਦੇ ਵਿਸ਼ਵ ਕੱਪ ਦੌਰਾਨ ਰੂਸ 'ਚ ਜਪਾਨੀ ਸਟੇਡੀਅਮ ਦੀ ਸਫਾਈ ਕਰਦੇ ਹੋਏ ਦੇਖੇ ਗਏ ਸਨ । ਰੂਸ 'ਚ ਹੋਏ ਵਿਸ਼ਵ ਕੱਪ 'ਚ ਬੈਲਜੀਅਮ ਨਾਲ ਮੁਕਾਬਲੇ 'ਚ 3-2 ਦੀ ਹਾਰ ਦੇ ਬਾਵਜੂਦ ਜਾਪਾਨ ਫੁੱਟਬਾਲ ਟੀਮ ਦੇ ਸਮਰਥਕ ਉਥੇ ਕੂੜਾ ਚੁੱਕਦੇ ਦੇਖੇ ਗਏ ਸਨ ।

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

ATLAS ANIMAL HOSPITAL
Open 24 Hours 7 Days a Week

• Animal Dermatology
• Pet Cardiology
• Pet Deworming
• Pet Ear Infection
• Pet Endocrine Diseases
• Pet Eye Infections
• Flea & Tick Control
• Pet Oral Infections
• Pet Allergies
• Pet Anal Gland Expression
• Vaccination
• Dental Cleaning
• Pet Grooming
• Nail Trimming
• Ear Cleaning
• Pet Boarding
• Puppy Training
• Veterinary Diets
• Behavioral Consultation
• Pet Identification
• End of Life
Dr. H. Bhullar & Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

ਕੀ ਸੱਤਾਧਾਰੀ ਹੀ ਦੇਸ਼ ਭਗਤੀ ਦੀ ਪ੍ਰੀਭਾਸ਼ਾ ਤੈਅ ਕਰਨਗੇ?

ਇਨ੍ਹੀਂ ਦਿਨੀਂ ਕਤਰ 'ਚ ਫੁੱਟਬਾਲ ਵਿਸ਼ਵ ਕੱਪ ਚੱਲ ਰਿਹਾ ਹੈ। ਈਰਾਨ ਦੀ ਟੀਮ ਦੇ ਖਿਡਾਰੀਆਂ ਨੇ ਕੁਝ ਅਜਿਹਾ ਕੀਤਾ ਹੈ ਜਿਸ ਤੋਂ ਅਸੀਂ ਦੇਸ਼ ਭਗਤੀ ਦੇ ਪਹਿਲੂਆਂ ਨੂੰ ਸਮਝ ਸਕਦੇ ਹਾਂ। ਦੇਸ਼ ਭਗਤੀ ਇਕਪਾਸੜ ਨਹੀਂ ਹੁੰਦੀ। ਕਿ ਜਿਸ ਦੇਸ਼ ਵਿਚ ਤੁਸੀਂ ਪੈਦਾ ਹੋਏ ਹੋ, ਜਿਸ ਦੇ ਨਾਗਰਿਕ ਤੁਸੀਂ ਹੋ, ਤੁਸੀਂ ਉਸ ਨੂੰ ਹਰ ਸਥਿਤੀ ਵਿਚ ਪਿਆਰ ਕਰਦੇ ਰਹੋਗੇ, ਹਰ ਸਥਿਤੀ ਦਾ ਮਤਲਬ ਤੁਹਾਡੇ 'ਤੇ ਜਾਂ ਤੁਹਾਡੇ ਨਾਗਰਿਕਾਂ 'ਤੇ ਜ਼ੁਲਮ ਹੁੰਦਾ ਹੈ, ਉਸ ਜ਼ੁਲਮ ਵਿਰੁੱਧ ਬੋਲਣਾ ਵੀ ਦੇਸ਼ ਭਗਤੀ ਹੈ। ਜਿੰਨਾ ਚਿਰ ਨਾਗਰਿਕਾਂ ਵਿੱਚ ਆਪਣੇ ਦੇਸ਼ ਨੂੰ ਸੁੰਦਰ ਬਣਾਉਣ ਦੀ ਕਲਪਨਾ ਅਤੇ ਪ੍ਰਗਟਾਵੇ ਨਹੀਂ ਹੁੰਦੇ, ਉਹ ਦੇਸ਼ ਆਪਣੇ ਰਾਸ਼ਟਰੀ ਗੀਤ ਜਾਂ ਹੋਰ ਚਿੰਨ੍ਹਾਂ ਵਿੱਚ ਕਾਇਮ ਨਹੀਂ ਰਹਿ ਸਕਦਾ। ਜਦੋਂ ਤੁਸੀਂ ਹਰ ਤਰ੍ਹਾਂ ਦੀਆਂ ਗਲਤੀਆਂ 'ਤੇ ਚੁੱਪ ਧਾਰ ਲੈਂਦੇ ਹੋ ਅਤੇ ਰਾਸ਼ਟਰੀ ਗੀਤ ਗਾਉਣਾ ਸ਼ੁਰੂ ਕਰ ਦਿੰਦੇ ਹੋ ਤਾਂ ਇਸ ਦੇਸ਼ ਭਗਤੀ 'ਚ ਦੇਸ਼ ਪ੍ਰਤੀ ਪਿਆਰ ਘੱਟ ਹੀ ਹੁੰਦਾ ਹੈ, ਡਰ ਜ਼ਿਆਦਾ ਹੈ। ਈਰਾਨ ਦੇ ਖਿਡਾਰੀਆਂ ਨੇ ਜੋ ਕੀਤਾ ਹੈ, ਉਹ ਦਰਸਾਉਂਦਾ ਹੈ ਕਿ ਰਾਜ ਨਾਗਰਿਕਾਂ 'ਤੇ ਦੇਸ਼ ਭਗਤੀ ਨਹੀਂ ਥੋਪ ਸਕਦਾ, ਕਈ ਵਾਰ ਨਾਗਰਿਕ ਰਾਜ ਤੋਂ ਦੇਸ਼ਭਗਤੀ ਦੀ ਮੰਗ ਵੀ ਕਰ ਸਕਦੇ ਹਨ। ਉਹ ਰਾਜ ਦੇਸ਼ ਭਗਤ ਨਹੀਂ ਹੋ ਸਕਦਾ ਜੋ ਆਪਣੇ ਨਾਗਰਿਕਾਂ ਜਾਂ ਆਪਣੇ ਅੰਦਰਲੇ ਵੱਖ-ਵੱਖ ਭਾਈਚਾਰਿਆਂ ਜਾਂ ਖਾਸ ਕਰਕੇ ਔਰਤਾਂ ਦਾ ਸਨਮਾਨ ਨਹੀਂ ਕਰਦਾ। ਇਸ ਦਾ ਵਿਰੋਧ ਕਰਨਾ ਵੀ ਉਸ ਦੇਸ਼ ਨੂੰ ਪਿਆਰ ਕਰਨਾ ਹੈ, ਜਿਸ ਨੇ ਇਕ ਦਿਨ ਸਾਰਿਆਂ ਲਈ ਬਰਾਬਰ ਹੋਣਾ ਹੈ।ਇੰਜ ਹੋਇਆ ਕਿ ਈਰਾਨ ਦੀ ਟੀਮ ਇੰਗਲੈਂਡ ਦੇ ਖਿਲਾਫ ਮੈਚ ਖੇਡਣ ਵਾਲੀ ਸੀ, ਉਹ ਮੈਚ 6-2 ਨਾਲ ਹਾਰ ਗਈ, ਪਰ ਹਾਰੀ ਹੋਈ ਟੀਮ ਨੇ ਦੁਨੀਆ ਭਰ ਵਿੱਚ ਹੋ ਰਹੇ ਅਨਿਆਂ ਦਾ ਵਿਰੋਧ ਕਰਨ ਵਾਲਿਆਂ ਦਾ ਦਿਲ ਜਿੱਤ ਲਿਆ। ਮੈਚ ਤੋਂ ਪਹਿਲਾਂ ਜਦੋਂ ਈਰਾਨ ਦਾ ਰਾਸ਼ਟਰੀ ਗੀਤ ਵਜਾਇਆ ਗਿਆ ਤਾਂ ਕਿਸੇ ਵੀ ਖਿਡਾਰੀ ਨੇ ਨਹੀਂ ਗਾਇਆ। ਕੁਝ ਨੇ ਉਨ੍ਹਾਂ ਦੇ ਨਾ ਗਾਉਣ ਨਾਲ ਸਹਿਮਤੀ ਜਤਾਈ, ਜਦੋਂ ਕਿ ਕੁਝ ਨੇ ਨਾ ਗਾਉਣ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਪਰ ਸਾਰੇ ਖਿਡਾਰੀ ਆਪਣੇ ਫੈਸਲੇ 'ਤੇ ਇਕਮਤ ਸਨ। ਸਟੇਡੀਅਮ ਵਿੱਚ ਈਰਾਨ ਦਾ ਰਾਸ਼ਟਰੀ ਗੀਤ ਇੱਕ ਗਾਣੇ ਵਾਂਗ ਵਜਿਆ ਜਿਸ ਨੂੰ ਕਿਸੇ ਨੇ ਨਹੀਂ ਗਾਉਣਾ ਸੀ, ਘੱਟ ਤੋਂ ਘੱਟ ਉਨ੍ਹਾਂ ਸਾਰਿਆਂ ਵਿੱਚੋਂ ਜਿਨ੍ਹਾਂ ਨੇ ਗਾਉਣਾ ਸੀ ਅਤੇ ਰਾਸ਼ਟਰੀ ਗੀਤ ਦਾ ਸਤਿਕਾਰ ਕਰਨਾ ਸੀ। ਉਸ ਦੀ ਚੁੱਪ ਦੀ ਆਵਾਜ਼ ਈਰਾਨ ਅਤੇ ਦੁਨੀਆ ਵਿਚ ਲੰਬੇ ਸਮੇਂ ਤੱਕ ਗੂੰਜਦੀ ਰਹੇਗੀ। ਇਸ ਕਰ ਕੇ ਉਸ ਨੇ ਆਪਣੇ ਲਈ ਸਜ਼ਾ ਦਾ ਫੈਸਲਾ ਕਰ ਲਿਆ ਪਰ ਉਸ ਸਜ਼ਾ ਦੇ ਡਰ ਕਾਰਨ ਉਨਾ ਨੇ ਉਨ੍ਹਾਂ ਔਰਤਾਂ ਦਾ ਸਮਰਥਨ ਨਹੀਂ ਛੱਡਿਆ ਜੋ ਇਰਾਨ ਦੀਆਂ ਸੜਕਾਂ 'ਤੇ ਜ਼ਬਰਦਸਤੀ ਹਿਜਾਬ ਪਹਿਨਣ ਦਾ ਵਿਰੋਧ ਕਰ ਰਹੀਆਂ ਹਨ।ਈਰਾਨ ਦੀ ਸਰਕਾਰ ਨਾਗਰਿਕਾਂ ਨੂੰ ਚੁੱਪ ਕਰਾਉਣਾ ਚਾਹੁੰਦੀ ਹੈ, ਇਸ ਲਈ ਖਿਡਾਰੀ ਚੁੱਪ ਰਹੇ ਅਤੇ ਕਿਹਾ ਕਿ ਜਦੋਂ ਬੋਲਣ ਦੀ ਆਜ਼ਾਦੀ ਨਹੀਂ ਹੈ ਤਾਂ ਰਾਸ਼ਟਰੀ ਗੀਤ ਗਾਉਣ ਦੀ ਆਜ਼ਾਦੀ ਦਾ ਕੀ ਅਰਥ ਹੈ।ਜਦੋਂ ਚੁੱਪ ਹੀ ਰਹਿਣਾ ਹੈ ਤਾਂ ਰਾਸ਼ਟਰੀ ਗੀਤ ਦੇ ਦੌਰਾਨ ਵੀ ਚੁੱਪ ਰਹੋ।ਅਜਿਹਾ ਕੋਈ ਦੇਸ਼ ਨਹੀਂ ਜੋ ਵੱਡੇ-ਵੱਡੇ ਖਿਡਾਰੀਆਂ ਅਤੇ ਫਿਲਮੀ ਸਿਤਾਰਿਆਂ ਤੋਂ ਸੱਖਣਾ ਹੋਵੇ, ਭਾਰਤ ਇਨ੍ਹਾਂ ਨਾਲ ਭਰਿਆ ਹੋਇਆ ਹੋਵੇ, ਪਰ ਜਦੋਂ ਗੱਲ ਆਉਂਦੀ ਹੈ ਤਾਂ ਲੂਣ-ਤੇਲ ਦੇ ਇਸ਼ਤਿਹਾਰਾਂ ਦੀ ਸਾਡੇ ਸਿਤਾਰੇ ਬੜੀ ਐਕਟਿੰਗ ਕਰਦੇ ਹਨ। ਸਾਡੇ ਫਿਲਮੀ ਸਿਤਾਰੇ ਹਰ ਤਰ੍ਹਾਂ ਦੀ ਹਿੰਸਾ, ਜ਼ੁਲਮ ਅਤੇ ਬੇਇਨਸਾਫ਼ੀ 'ਤੇ ਚੁੱਪ ਰਹਿੰਦੇ ਹਨ।ਇਸ ਲਈ ਅਜਿਹੇ ਫਿਲਮੀ ਸਿਤਾਰਿਆਂ ਦੀ ਕੋਸ਼ਿਸ਼ ਇਹ ਹੋਵੇਗੀ ਕਿ ਈਰਾਨੀ ਖਿਡਾਰੀਆਂ ਦੇ ਇਸ ਵਿਰੋਧ ਦੀ ਗੱਲ ਘੱਟ ਤੋਂ ਘੱਟ ਹੋਵੇ, ਘੱਟੋ-ਘੱਟ ਉਸ ਅਖਬਾਰ ਵਿਚ ਨਹੀਂ, ਉਸ ਚੈਨਲ ਵਿਚ ਨਹੀਂ, ਜਿਸ ਨੂੰ ਉਹ ਦੇਖਦੇ ਹਨ, ਪੜ੍ਹਦੇ ਹਨ।22 ਸਾਲਾ ਕੁਰਦਿਸ਼ ਲੜਕੀ ਮਹਸਾ ਅਮੀਨੀ ਨੂੰ ਹਿਜਾਬ ਪਹਿਨਣ ਲਈ ਮਜਬੂਰ ਕੀਤੇ ਜਾਣ ਦਾ ਵਿਰੋਧ ਕਰਨ 'ਤੇ ਗੋਲੀ ਮਾਰ ਦਿੱਤੀ ਗਈ ਸੀ। ਈਰਾਨ 'ਚ ਇਕ ਖਾਸ ਵਰਗ ਦੀਆਂ ਔਰਤਾਂ ਨੂੰ ਹਿਜਾਬ ਨਾ ਪਹਿਨਣ ਦੀ ਇਜਾਜ਼ਤ ਹੈ ਪਰ ਉਸ ਵਰਗ ਦੀਆਂ ਸਾਰੀਆਂ ਔਰਤਾਂ 'ਤੇ ਇਕ ਹੀ ਕਾਨੂੰਨ ਲਾਗੂ ਕੀਤਾ ਜਾ ਰਿਹਾ ਸੀ। ਮਾਸ਼ੀ ਅਮੀਨੀ ਨੇ ਵਿਰੋਧ ਕੀਤਾ। ਉਸ ਦੇ ਕਤਲ ਤੋਂ ਬਾਅਦ ਈਰਾਨ ਦੀਆਂ ਸਾਰੀਆਂ ਔਰਤਾਂ ਸੜਕਾਂ 'ਤੇ ਆ ਗਈਆਂ ਅਤੇ ਜਬਰੀ ਥੋਪਣ ਦੇ ਫੈਸਲੇ ਦਾ ਵਿਰੋਧ ਕਰਨ ਲੱਗੀਆਂ। ਇਨ੍ਹਾਂ ਔਰਤਾਂ ਦੇ ਸਮਰਥਨ ਵਿੱਚ ਈਰਾਨ ਦੇ ਖਿਡਾਰੀਆਂ ਨੇ ਰਾਸ਼ਟਰੀ ਗੀਤ ਗਾਉਣ ਤੋਂ ਇਨਕਾਰ ਕਰ ਦਿੱਤਾ। ਜਿਸ ਦੇਸ਼ ਵਿੱਚ ਔਰਤਾਂ ਦੀ ਇੱਜ਼ਤ ਨਹੀਂ ਹੁੰਦੀ, ਉਸ ਦੇਸ਼ ਵਿੱਚ ਜੇਕਰ ਰਾਸ਼ਟਰੀ ਗੀਤ ਗਾਉਣਾ ਪੈਂਦਾ ਹੈ ਤਾਂ ਇਹ ਕਿਸੇ ਡਰਾਮੇ ਤੋਂ ਘੱਟ ਨਹੀਂ ਹੈ।ਤੁਸੀਂ ਦੇਸ਼ ਭਗਤੀ ਨੂੰ ਥੋਪ ਨਹੀਂ ਸਕਦੇ, ਇਹ ਪਿਆਰ ਹੈ, ਪਿਆਰ ਲਈ ਮਾਹੌਲ ਬਣਾਉਣਾ ਪੈਂਦਾ ਹੈ, ਫਿਰ ਇਹ ਆਪਣੇ ਆਪ ਆ ਜਾਂਦਾ ਹੈ।ਜਿਸ ਦੇਸ਼ ਦੇ ਨਾਗਰਿਕਾਂ ਦੀ ਹਾਲਤ ਗੁਲਾਮ ਹੋ ਜਾਵੇ, ਉਸ ਦੇਸ਼ ਦੇ ਨਾਗਰਿਕਾਂ ਨੂੰ ਕਿਹਾ ਜਾਵੇ ਕਿ ਜੇਕਰ ਉਨ੍ਹਾਂ ਨੇ ਰਾਸ਼ਟਰੀ ਗੀਤ ਗਾਉਣਾ ਹੈ ਤਾਂ ਇਹ ਉਨ੍ਹਾਂ ਲਈ ਮੌਤ ਦੇ ਗੀਤ ਤੋਂ ਘੱਟ ਨਹੀਂ ਹੋਵੇਗਾ।ਈਰਾਨ ਦੇ ਖਿਡਾਰੀਆਂ ਨੇ ਵੀ ਆਪਣੇ ਦੇਸ਼ ਨੂੰ ਇਹੀ ਸੰਦੇਸ਼ ਦਿੱਤਾ ਹੈ।ਆਪਣੇ ਦੇਸ਼ ਈਰਾਨ ਦੀਆਂ ਕੁੜੀਆਂ ਦੇ ਹੱਕਾਂ ਲਈ ਖੜ੍ਹੇ ਇਨ੍ਹਾਂ ਖਿਡਾਰੀਆਂ ਨੂੰ ਦੀ ਭਾਵਨਾ ਨੂੰ ਭਾਰਤੀ ਹਾਕਮ ਜਾਂ ਕੱਟੜਵਾਦੀ ਲੋਕ ਕਦੇ ਨਹੀਂ ਸਮਝਣਗੇ।ਇਸ ਲਈ ਜਦੋਂ ਈਰਾਨ ਦੇ ਫੁਟਬਾਲ ਖਿਡਾਰੀਆਂ ਨੇ ਰਾਸ਼ਟਰੀ ਗੀਤ ਗਾਉਣ ਤੋਂ ਇਨਕਾਰ ਕਰ ਦਿੱਤਾ, ਤਾਂ ਭਾਰਤ ਦੇ ਸਮਾਗਮਾਂ 'ਤੇ ਮੁੜ ਪਰਤਣਾ ਜ਼ਰੂਰੀ ਹੋ ਜਾਂਦਾ ਹੈ ਤਾਂ ਜੋ ਅਸੀਂ ਈਰਾਨ ਦੇ ਖਿਡਾਰੀਆਂ ਦੁਆਰਾ ਚੁੱਕੇ ਗਏ ਵੱਡੇ ਜੋਖਮ ਨੂੰ ਸਮਝ ਸਕੀਏ ਕਿ ਈਰਾਨੀ ਖਿਡਾਰੀਆਂ ਦਾ ਇਹ ਵਿਰੋਧ ਕਿੰਨਾ ਵੱਡਾ ਹੈ।ਭਾਰਤ ਦੇ ਹਰ ਅੰਦੋਲਨ ਵਿੱਚ ਰਾਸ਼ਟਰੀ ਗੀਤ ਗਾਇਆ ਜਾ ਰਿਹਾ ਹੈ ਤਾਂ ਜੋ ਕੋਈ ਅੰਦੋਲਨਕਾਰੀਆਂ ਦੀ ਦੇਸ਼ ਭਗਤੀ 'ਤੇ ਸਵਾਲ ਨਾ ਉਠਾ ਸਕੇ। ਕਿਉਂਕਿ ਉਦੋਂ ਵੀ ਅਤੇ ਹੁਣ ਵੀ ਇਹੋ ਮਤਲਬ ਹੈ ਕਿ ਜਿਹੜਾ ਅੰਦੋਲਨ ਕਰ ਰਿਹਾ ਹੈ, ਉਹ ਗੱਦਾਰ ਹੈ।ਭਾਰਤ ਵਿੱਚ ਜਦੋਂ ਨਾਗਰਿਕਤਾ ਕਾਨੂੰਨ ਦੇ ਵਿਰੁੱਧ ਅੰਦੋਲਨ ਵਿੱਚ ਹੁੰਦਾ ਸੀ ਤਾਂ ਇਸ ਵਿਚ ਸ਼ਾਮਲ ਔਰਤਾਂ ਇਹ ਦੱਸਣਾ ਚਾਹੁੰਦੀਆਂ ਸਨ ਕਿ ਉਨ੍ਹਾਂ ਦੀ ਭਾਰਤ ਪ੍ਰਤੀ ਵਫ਼ਾਦਾਰੀ ਅਟੁੱਟ ਹੈ, ਉਨ੍ਹਾਂ ਦੀ ਲੜਾਈ ਭਾਰਤ ਵਿਚ ਆਪਣੇ ਸਥਾਨ ਲਈ ਹੈ।ਮਹਿਲਾ ਅੰਦੋਲਨਕਾਰੀਆਂ ਨੇ ਦੇਸ਼ਧ੍ਰੋਹ ਦੇ ਦੋਸ਼ ਤੋਂ ਬਚਣ ਲਈ ਰਾਸ਼ਟਰੀ ਗੀਤ ਗਾਇਆ।ਈਰਾਨੀ ਫੁੱਟਬਾਲ ਖਿਡਾਰੀ ਆਪਣੇ ਦੇਸ਼ ਦੇ ਸਨਮਾਨ ਵਿਚ ਰਾਸ਼ਟਰੀ ਗੀਤ ਨਹੀਂ ਗਾਉਂਦੇ ਹਨ। ਇਸ ਅੰਤਰ ਨੂੰ ਸਮਝਣਾ ਪਵੇਗਾ।ਭਾਰਤ ਵਿੱਚ ਰਾਸ਼ਟਰੀ ਗੀਤ ਦਾ ਇੱਕ ਹੋਰ ਰੂਪ ਵੀ ਹੈ।ਹੁਣ ਤੱਕ ਤੁਸੀਂ ਦੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਰਾਜ ਪੁਲਿਸ ਦੇ ਨੁਮਾਇੰਦੇ ਇਹ ਗਾ ਕੇ ਨਾਗਰਿਕਾਂ ਵਿੱਚ ਵਿਸ਼ਵਾਸ ਪੈਦਾ ਕਰਦੇ ਹਨ, ਹੁਣ ਤੁਸੀਂ ਇੱਕ ਹੋਰ ਪਹਿਲੂ ਦੇਖੋ।ਨਾਗਰਿਕਤਾ ਕਨੂੰਨ ਖਿਲਾਫ ਅੰਦੋਲਨ ਦੌਰਾਨ ਪੂਰਬੀ ਦਿੱਲੀ ਵਿੱਚ ਦੰਗਾ ਹੋ ਜਾਂਦਾ ਹੈ ਅਤੇ ਉਸ ਸਮੇਂ ਇੱਕ ਵੀਡੀਓ ਸਾਹਮਣੇ ਆਉਂਦੀ ਹੈ। ਇਸ ਵੀਡੀਓ ਵਿਚ ਦਾਅਵਾ ਕੀਤਾ ਗਿਆ ਸੀ ਕਿ ਪੁਲਿਸ ਮੁਲਾਜ਼ਮ ਨੌਜਵਾਨ ਫੈਜ਼ਾਨ ਨੂੰ ਕਥਿਤ ਤੌਰ 'ਤੇ ਗਾਲ੍ਹਾਂ ਕੱਢ ਰਹੇ ਹਨ, ਉਸ ਦੇ ਧਰਮ ਨੂੰ ਲੈ ਕੇ ਕਥਿਤ ਤੌਰ 'ਤੇ ਗਾਲ੍ਹਾਂ ਕੱਢ ਰਹੇ ਹਨ, ਪੁਲਿਸ ਮੁਲਾਜ਼ਮ ਫੈਜ਼ਾਨ ਦੀ ਕੁੱਟਮਾਰ ਕਰ ਰਿਹਾ ਹੈ ਅਤੇ ਉਸ ਨੂੰ ਰਾਸ਼ਟਰੀ ਗੀਤ ਗਾਉਣ ਲਈ ਕਹਿ ਰਿਹਾ ਹੈ। ਫੈਜ਼ਾਨ ਦੇ ਨਾਲ ਕੁਝ ਹੋਰ ਨੌਜਵਾਨਾਂ ਦੀ ਵੀ ਕੁੱਟਮਾਰ ਕੀਤੀ ਜਾ ਰਹੀ ਹੈ। ਫੈਜ਼ਾਨ ਇੰਨਾ ਜ਼ਖਮੀ ਸੀ ਕਿ 26 ਫਰਵਰੀ 2020 ਨੂੰ ਦਿੱਲੀ ਦੇ ਲੋਕ ਨਾਇਕ ਜੈਪ੍ਰਕਾਸ਼ ਨਰਾਇਣ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ।ਮੀਡੀਆ ਰਿਪੋਰਟਾਂ 'ਚ ਫੈਜ਼ਾਨ ਨੂੰ ਉੱਤਰ ਪੂਰਬੀ ਦਿੱਲੀ ਦੇ ਕਰਦਮਪੁਰੀ ਦਾ ਰਹਿਣ ਵਾਲਾ ਦੱਸਿਆ ਗਿਆ ਹੈ।ਮੀਡੀਆ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਪੁਲਿਸ ਵਾਲੇ ਫੈਜ਼ਾਨ ਨੂੰ ਇਹ ਸਾਬਤ ਕਰਨ ਲਈ ਰਾਸ਼ਟਰੀ ਗੀਤ ਗਾਉਣ ਲਈ ਕਹਿ ਰਹੇ ਸਨ ਕਿ ਉਹ ਭਾਰਤ ਪ੍ਰਤੀ ਵਫ਼ਾਦਾਰੀ ਰੱਖਦਾ ਹੈ। ਉਸ ਨੂੰ ਦੋ ਦਿਨ ਪੁਲੀਸ ਹਿਰਾਸਤ ਵਿੱਚ ਵੀ ਰੱਖਿਆ ਗਿਆ। ਅਗਸਤ 2021 ਦੇ ਇੰਡੀਅਨ ਐਕਸਪ੍ਰੈਸ ਵਿੱਚ ਮਹਿੰਦਰ ਸਿੰਘ ਮਨਰਾਲ ਦੁਆਰਾ ਇੱਕ ਖਬਰ ਮਿਲੀ ਹੈ ਕਿ ਦਿੱਲੀ ਦੰਗਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਟੀਮ ਨੇ 100 ਤੋਂ ਵੱਧ ਪੁਲਿਸ ਵਾਲਿਆਂ ਦੀ ਇੰਟਰਵਿਊ ਕੀਤੀ ਹੈ। ਸਾਰਿਆਂ ਦੇ ਡਿਊਟੀ ਚਾਰਟ ਦੇਖੇ ਗਏ ਹਨ। 17 ਮਹੀਨਿਆਂ ਬਾਅਦ ਤਿੰਨ ਪੁਲੀਸ ਮੁਲਾਜ਼ਮਾਂ ਦੀ ਪਛਾਣ ਹੋਈ ਹੈ। ਉਸ ਦਾ ਲਾਈ ਡਿਟੈਕਟਰ ਟੈਸਟ ਵੀ ਹੋਇਆ ਹੈ। ਅਖਬਾਰ ਨੇ ਇਕ ਸੀਨੀਅਰ ਅਧਿਕਾਰੀ ਨਾਲ ਗੱਲਬਾਤ ਦੇ ਆਧਾਰ 'ਤੇ ਲਿਖਿਆ ਹੈ। ਟਾਈਮਜ਼ ਆਫ ਇੰਡੀਆ ਦੀ ਇਹ ਖਬਰ ਫਰਵਰੀ 2022 ਦੀ ਹੈ, ਇਸ ਵਿੱਚ ਲਿਖਿਆ ਗਿਆ ਹੈ ਕਿ ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲਿਸ ਨੂੰ ਕਿਹਾ ਸੀ ਕਿ ਫੈਜ਼ਾਨ ਦੇ ਮਾਮਲੇ ਦੀ ਜਾਂਚ ਵਿੱਚ ਢਿੱਲ ਵਰਤੀ ਜਾ ਰਹੀ ਹੈ। ਫੈਜ਼ਾਨ ਦੀ ਮਾਂ ਕਿਸਮਤੂਨ ਨੇ ਅਦਾਲਤ ਤੋਂ ਮੰਗ ਕੀਤੀ ਕਿ ਉਸ ਦੇ ਪੁੱਤਰ ਦੀ ਮੌਤ ਦੀ ਐਸਆਈਟੀ ਜਾਂਚ ਕਰਵਾਈ ਜਾਵੇ। ਉਸ ਦੀ ਵਕੀਲ ਵਰਿੰਦਾ ਗਰੋਵਰ ਦਾ ਕਹਿਣਾ ਹੈ ਕਿ ਪੁਲਸ ਨੇ ਫੈਜ਼ਾਨ ਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖਿਆ ਅਤੇ ਜ਼ਖਮੀ ਹੋਣ ਤੋਂ ਬਾਅਦ ਉਸ ਦਾ ਸਹੀ ਇਲਾਜ ਨਹੀਂ ਕੀਤਾ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਇਸ ਖ਼ਬਰ ਮੁਤਾਬਕ ਦਿੱਲੀ ਹਾਈਕੋਰਟ ਨੇ ਪੁਲਿਸ ਦੀ ਖਿਚਾਈ ਕਰਦਿਆਂ ਕਿਹਾ ਕਿ ਤੁਸੀਂ ਪੰਜ ਬੱਚੇ ਬੇ-ਰਹਿਮੀ ਨਾਲ ਕੁੱਟੇ , ਇੱਕ ਦੀ ਮੌਤ ਹੋ ਗਈ। ਇਹ ਕਤਲ ਦਾ ਮਾਮਲਾ ਹੈ।ਇਸ ਮਾਮਲੇ ਵਿੱਚ ਤੁਸੀਂ ਚਸ਼ਮਦੀਦ ਗਵਾਹ ਦੀ ਮਦਦ ਨਹੀਂ ਲਈ ਅੱਜ ਤੱਕ ਪੁਲਿਸ ਨੇ ਪਰਵਾਹ ਨਹੀਂ ਕੀਤੀ ।ਕਿਸੇ ਗਵਾਹ ਦਾ ਬਿਆਨ ਦਰਜ ਨਹੀਂ ਕੀਤਾ ਗਿਆ। ਤੁਸੀਂ ਕਿਸ ਤਰ੍ਹਾਂ ਦੀ ਜਾਂਚ ਕਰ ਰਹੇ ਹੋ?23 ਸਾਲਾ ਫੈਜ਼ਾਨ ਦੀ ਮੌਤ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਹੁਣ ਦਿੱਲੀ ਪੁਲਿਸ ਨੇ ਇਸ ਵੀਡੀਓ ਵਿੱਚ ਦਿਖਾਈ ਦੇਣ ਵਾਲੇ ਪੁਲਿਸ ਕਰਮਚਾਰੀਆਂ ਦੀ ਗ੍ਰਿਫਤਾਰੀ ਲਈ ਇੱਕ ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ।ਜੇਕਰ ਅਜਿਹਾ ਹੈ ਤਾਂ ਕਲਪਨਾ ਕਰੋ ਕਿ ਵੀਡੀਓ 'ਚ ਪੁਲਸ ਵਾਲੇ ਦਿਖਾਈ ਦੇ ਰਹੇ ਹਨ, ਉਨ੍ਹਾਂ ਦੀ ਪਛਾਣ ਕਰਨ 'ਤੇ ਇਕ ਲੱਖ ਦੇ ਇਨਾਮ ਦਾ ਐਲਾਨ ਕੀਤਾ ਜਾ ਰਿਹਾ ਹੈ। ਕੀ ਇਹ ਲੋਕ ਡਿਊਟੀ 'ਤੇ ਨਾ ਆਏ ਹੋਣਗੇ, ਉਨ੍ਹਾਂ ਨੂੰ ਤਨਖਾਹ ਨਹੀਂ ਮਿਲ ਰਹੀ ਹੋਵੇਗੀ? ਖ਼ਬਰ ਵਿੱਚ ਲਿਖਿਆ ਗਿਆ ਹੈ ਕਿ ਇਸ ਮਾਮਲੇ ਦੀ ਜਾਂਚ ਕਰ ਰਹੇ ਜਾਂਚ ਅਧਿਕਾਰੀ ਨੂੰ ਬਦਲ ਦਿੱਤਾ ਗਿਆ ਹੈ।ਈਰਾਨੀ ਫੁੱਟਬਾਲ ਖਿਡਾਰੀਆਂ ਨੇ ਰਾਸ਼ਟਰੀ ਗੀਤ ਗਾਉਣ ਤੋਂ ਇਨਕਾਰ ਕਰ ਦਿੱਤਾ, ਵਿਦਰੋਹ ਦੀ ਚੁੱਪ ਈਰਾਨ ਵਿਚ ਵੀ ਗੂੰਜਦੀ ਹੈ ਪਰ ਭਾਰਤ ਵਿਚ ਵੀ ਅਜਿਹਾ ਹੋ ਰਿਹਾ ਹੈ।ਦੇਸ਼ ਦਾ ਸਨਮਾਨ ਕਰਨਾ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨਾ ਹੈ। ਸਾਡਾ 'ਹੀਰੋ' ਗੰਜੀ ਅੰਡਰਵੀਅਰ ਦੀ ਮਸ਼ਹੂਰੀ ਵਿੱਚ ਤਾਂ ਮਹਾਬਲੀ ਹੀ ਲੱਗਦਾ ਹੈ, ਪਰ ਜਦੋਂ ਕਿਸੇ ਗਲਤ ਦਾ ਵਿਰੋਧ ਕਰਨ ਦੀ ਗੱਲ ਆਉਂਦੀ ਹੈ ਤਾਂ ਮਹਾਬਲੀ ਕੰਬਲ ਵਿੱਚ ਲੁਕ ਜਾਂਦਾ ਹੈ। ਰਵੀਸ਼ ਕੁਮਾਰ ਐਨ ਡੀ ਟੀਵੀ

TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

25 ਨਵੰਬਰ, ਦਿਨ ਸ਼ੁੱਕਰਵਾਰ......ਸਵੇਰੇ 10:00 ਵਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 27 ਨਵੰਬਰ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ।

25 ਨਵੰਬਰ, ਦਿਨ ਸ਼ੁੱਕਰਵਾਰ.....ਸ਼ਾਮ 3:00 ਵਜੇ ਸਵ. ਭਾਈ ਜੈਪਾਲ ਸਿੰਘ ਰਾਣਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

26 ਨਵੰਬਰ, ਦਿਨ ਸ਼ਨਿੱਚਰਵਾਰ...ਸ਼ਾਮ 3:00 ਵਜੇ ਸਵ. ਭਾਈ ਕੁਲਵਰਨ ਸਿੰਘ ਮਿਨਹਾਸ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

26 ਨਵੰਬਰ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਰੀਕ ਸਿੰਘ ਪ੍ਰਮਾਰ ਅਤੇ ਪਰਿਵਾਰ ਵਲੋਂ ਹੋਵੇਗੀ।

27 ਨਵੰਬਰ, ਦਿਨ ਐਤਵਾਰ.......ਸਵੇਰ ਨੂੰ ਸਵ. ਭਾਈ ਅਮਰਪਾਲ ਸਿੰਘ ਰਾਏ ਦੀ ਯਾਦ ਵਿਚ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਤੇ ਲੰਗਰ ਦੀ ਸੇਵਾ ਹੋਵੇਗੀ।

28 ਨਵੰਬਰ, ਦਿਨ ਸੋਮਵਾਰ.......12:30 ਵਜੇ ਸਵ. ਭਾਈ ਗੁਰਦੇਵ ਸਿੰਘ ਗਿੱਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜ਼ਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

ਕਾਵਿ ਕਿਆਰੀ

ਨਵੇਂ ਪੁਰਾਣੇ

ਕੱਲੇ ਰਹਿ ਗਏ ਬੋਲਦੇ ਉਹੋ ਹੀ,
ਮੱਲ ਜਿੰਨਾਂ ਜੇਤੂਆਂ ਮਾਰ ਲਈ।
ਬਾਕੀ ਸੌਂ ਗਏ ਵਾਂਗ ਸੁੱਸਰੀ ਦੇ,
ਨੀਂਦ ਕੁੰਭਕਰਨੀ ਚੁੱਪ ਧਾਰ ਲਈ।
ਚੌਧਰ ਨਵਿਆਂ ਦੇ ਹੱਥ ਵੇਖ ਫੜ੍ਹੀ,
ਝੱਟ ਟਿੱਡੀਆਂ ਦੀ ਉੱਡ ਡਾਰ ਪਈ।
ਲਈ ਘੇਰ ਸੀ ਜਦ ਭਮੱਕੜਾਂ ਨੇ,
ਮੱਚ 'ਭਗਤਾ' ਹਾਹਾਕਾਰ ਗਈ।
ਫੜੋ-ਫੜੀ ਦੇ ਵਰੋਲ਼ੇ ਵੇਖ ਉੱਠੇ,
ਸਿਰ ਸਭ ਦੇ ਆਣ ਭਾਰ ਪਈ।
ਜਿੰਨਾਂ ਕਿਹਾ ਮਰਾਂਗੇ ਹੋ ਮੂਹਰੇ,
ਵਖਤ ਪਏ ਕਿਸੇ ਨਾ ਸਾਰ ਲਈ।
ਅੱਗ ਫੂਸ ਦੀ ਵੇਖ ਪੱਥਰਾਂ ਦੀ,
ਨਿੱਕਲ ਚੀਕਾਂ ਦੀ ਲਲਕਾਰ ਗਈ।
ਮੇਲੇ ਹੋਣਗੇ ਜੇਲ੍ਹਾਂ ਵਿੱਚ ਜਾ ਕੇ।
ਹੱਥ ਕੜੀਆਂ ਦੀ ਜਦ ਮਾਰ ਪਈ।

ਬਰਾੜ-ਭਗਤਾ ਭਾਈ ਕਾ

.ਗਜ਼ਲ

ਰਿਸ਼ਤਿਆਂ ਵਿੱਚ ਜਦ ਭਰੋਸਾ ਨਾ ਰਹੇ
ਕਿਸ ਤਰ੍ਹਾਂ ਤਦ ਆਪਣਾ ਕੋਈ ਕਹੇ।
ਦੁਸ਼ਮਣਾਂ ਦੀ ਲੋੜ ਓਦੋਂ ਕੀ ਭਲਾ
ਜਦ ਜੜਾਂ ਵਿਚ ਯਾਰ ਕੋਈ ਆ ਬਹੇ।
ਜੋ ਨਾ ਮੰਨਦਾ ਗੱਲ ਪਹਿਲਾਂ ਸੀ ਕੋਈ
ਯਾਰ ਦੀ ਹੁਣ ਹਰ ਅੜੀ ਬੰਦਾ ਸਹੇ।
ਓਸ ਵੇਲੇ ਹਾਲ ਮੇਰਾ ਪੁੱਛ ਨਾ ਜਦ
ਗੱਲ੍ਹ ਦੇ ਸੰਗ ਜ਼ੁਲਫ ਤੇਰੀ ਆ ਖਹੇ।
ਕੌਣ ਪੁੱਛਦਾ ਭੋਲਿਆਂ ਦੀ ਬਾਤ ਹੈ
ਫਿਰ ਰਹੇ ਹਨ ਲੱਖ ਏਥੇ ਮੈਂ ਜਹੇ।
ਪਹੁੰਚ ਸਭ ਦੀ ਹਰ ਜਗ੍ਹਾ ਹੀ ਹੋ ਗਈ
ਵਾਂਗ ਮੰਜੇ ਹਰ ਜਗ੍ਹਾ ਤੇ ਜੋ ਡਹੇ।
ਹੌਂਸਲੇ ਬਿਨ ਆਦਮੀ ਦੀ ਮੌਤ ਹੈ
ਹੌਂਸਲਾ ਨਾ ਬਸ ਕਿਸੇ ਦਾ ਵੀ ਢਹੇ।
ਦੁੱਖ ਪਲਾਂ ਵਿੱਚ ਟੁੱਟ ਜਾਂਦੇ ਸਭ ਉਦੋਂ
ਯਾਰ ਜਦ ਵੀ ਆਣ ਕੋਲੇ ਪਲ ਬਹੇ।
ਦਿਲ ਚੋਂ ਨਫ਼ਰਤ ਦਾ ਹਨੇਰਾ ਮੁੱਕਦਾ
ਪਿਆਰ ਚਾਨਣ ਜਦ ਮਨਾਂ ਦੇ ਵਿਚ ਲਹੇ।

-ਹਰਦੀਪ ਬਿਰਦੀ

ਤਰਲੇ ਤੱਕੜੀ ਦੇ

ਮਸਲੇ ਕਈ ਉਠਾ ਕੇ ਦੇਖ ਲਏ ਨੇ
ਪੈਰ ਉੱਖੜੇ ਫੇਰ ਜਮਾਉਣ ਦੇ ਲਈ।
ਬੰਦੀ ਸਿੰਘਾਂ ਦੀ ਵੇਦਨਾ ਬੜੀ ਗਾਈ
ਸਿੱਖ ਵੋਟਰਾਂ ਤਾਈਂ ਭ੍ਰਮਾਉਣ ਦੇ ਲਈ।
ਮੈਂਬਰ 'ਸਾਂਭ ਕੇ' 'ਸ਼੍ਰੋਮਣੀ' ਜੇਬ੍ਹ ਪਾਈ
'ਤਾਣ' ਆਪਣਾ ਜਰਾ ਦਿਖਾਉਣ ਦੇ ਲਈ।
ਗੁਪਤੀ 'ਪਾਪੜ' ਵੀ ਵੇਲਦੇ ਸੁਣੀ ਦੇ ਨੇ
ਫਿਰ ਪੰਜਾਬ ਨੂੰ ਬੁੱਧੂ ਬਣਾਉਣ ਦੇ ਲਈ।
'ਪਤੀ' ਸਾਬਕਾ ਨਾਂਹ ਹੀ ਕਰੀ ਜਾਂਦਾ
ਹੋਂਦ ਆਪਣੀ ਬੜੀ ਜਚਾਉਣ ਦੇ ਲਈ।
ਤਰਲੇ ਕਰਦੀ ਐ 'ਤੱਕੜੀ' ਫੇਰ ਮੁੜਕੇ
ਨਾਲ਼ ਕਮਲ ਦੇ ਯਾਰੀਆਂ ਲਾਉਣ ਦੇ ਲਈ।

-ਤਰਲੋਚਨ ਸਿੰਘ 'ਦੁਪਾਲ ਪੁਰ'

.ਗਜ਼ਲ

ਡਾ. ਸਤੀਸ਼ ਠੁਕਰਾਲ 'ਸੋਨੀ'

ਕਦਮ ਕਦਮ 'ਤੇ ਕਾਬਲੀਅਤ ਅਜ਼ਮਾਉਂਦੀ ਹੈ ਜ਼ਿੰਦਗੀ
ਇਉਂ ਆਪਣੇ ਤਰੀਕੇ ਬੰਦੇ ਨੂੰ ਬੰਦਾ ਬਣਾਉਂਦੀ ਹੈ ਜ਼ਿੰਦਗੀ
ਸਿਦਕ, ਸਮਰਪਣ, ਸਦਾਚਾਰ ਜੇ ਬਣ ਜਾਵਣ ਹਿੱਸੇ
ਲਿਸ਼ਕਾਉਂਦੀ, ਪੁਸ਼ਕਾਉਂਦੀ, ਮਹਿਕਾਉਂਦੀ ਹੈ ਜ਼ਿੰਦਗੀ
ਸਲੀਕੇ ਸੰਗ ਗੁਜ਼ਾਰੀਏ, ਵਡਿਆਉਂਦੀ ਹੈ ਜ਼ਿੰਦਗੀ
ਅੜਬਪੁਣੇ ਵਾਲੀ ਤਾਂ ਰਹਿੰਦੀ ਪਛਤਾਉਂਦੀ ਹੈ ਜ਼ਿੰਦਗੀ
ਪਰਖਦੀ ਹੈ ਹੌਂਸਲਾ ਔਕੜਾਂ ਦਾ ਜਾਲ ਵਿਛਾ
ਤਾਉਮਰ ਬੰਦੇ ਨੂੰ ਰਹਿੰਦੀ ਪਤਿਆਉਂਦੀ ਹੈ ਜ਼ਿੰਦਗੀ
ਦਇਆ, ਖਿਮਾ, ਵਫ਼ਾ ਦੀ ਸੋਹਬਤ ਵਿੱਚ 'ਸੋਨੀ'
ਸਹਿਲਾਉਂਦੀ, ਬਹਿਲਾਉਂਦੀ, ਮੁਸਕਾਉਂਦੀ ਹੈ ਜ਼ਿੰਦਗੀ
ਸੱਚਿਆਂ ਉੱਦਮਾਂ ਤੇ ਰਮਜ਼ਾਂ ਸੁੱਚੀਆਂ ਦੇ ਆਸਰੇ
ਬੰਦੇ ਦੀ ਵੀ ਬੰਦਗੀ ਕਰਵਾਉਂਦੀ ਹੈ ਜ਼ਿੰਦਗੀ।

ਡਰਿਆ ਨਾ ਕਰ

ਚਰਨਜੀਤ ਸਮਾਲਸਰ

ਡਰਿਆ ਨਾ ਕਰ!
ਖ਼ੁਦ ਨੂੰ ਦੁੱਖਾਂ ਦੀ ਸਲੀਬ 'ਤੇ ਚਾੜ੍ਹ ਕੇ
ਅੰਬਰ ਵੀ ਮਿਣਿਆ ਕਰ ਪਿੰਜਰੇ 'ਚੋਂ ਬਾਹਰ
ਖੰਭਾਂ ਨੂੰ ਖਿਲਾਰ ਕੇ। ਇਹ ਧਰਤੀ ਅੰਬਰ
ਚੰਨ ਸੂਰਜ ਤੇ ਤਾਰੇ ਤੇਰੇ ਹੋਵਣਗੇ ਸਾਰੇ,
ਸੰਸਿਆਂ ਦਾ ਚੰਦੋਆ ਵੇਖ ਥੱਲੇ ਉਤਾਰ ਕੇ
ਏਸ ਅੱਗ ਨੇ ਪਾਣੀ ਹੋ ਜਾਣਾ ਹੈ
ਗਾਉਣਾ ਬਿਰਖਾਂ ਨੇ ਤਰਾਨਾ ਹੈ
ਖਿੜਕੀ ਤਾਂ ਖੋਲ੍ਹ ਨੈਣਾਂ ਤੋਂ ਚਸ਼ਮਾ ਉਤਾਰ ਕੇ।
ਤੂੰ! ਤੂੰ ਨਈਂ ਹੋਵੇਂਗਾ ਕੁਝ ਹੋਰ ਈ ਹੋਵੇਂਗਾ,
ਕਦੇ ਗਲ ਤਾਂ ਲਾਵੀਂ ਸੁੱਚੇ ਪਾਣੀਆਂ ਨੂੰ,
ਇਹ ਤੇਰੇ ਹੋਵਣਗੇ ਜਦੋਂ ਆਇਆ ਤੂੰ
'ਮੈਂ' ਨੂੰ ਮਾਰ ਕੇ।
ਇਹ ਹੱਦਾਂ ਸਰਹੱਦਾਂ ਭਟਕਣਾ ਤੇ ਮੰਜ਼ਿਲ
ਸਭ ਮੁੱਕ ਜਾਣੇ ਜ਼ਖ਼ਮ ਹਰੇ ਵੀ ਸੁੱਕ ਜਾਣੇ
ਕਦੇ ਚੇਤਿਆਂ 'ਚੋਂ ਵੇਖ ਦੁੱਖਾਂ ਨੂੰ ਨਿਤਾਰ ਕੇ।

ਕਿਰਦਾਰ

ਅਮਰਜੀਤ ਸਿੰਘ 'ਫ਼ੌਜੀ'

ਜ਼ੋਰ ਚੱਲ ਜਾਏ ਸਦਾ ਲਾਚਾਰ ਉੱਤੇ
ਡਿੱਗੀ ਖੋਤਿਓਂ ਗੁੱਸਾ ਘੁਮਿਆਰ ਉੱਤੇ
ਜੱਗੋਂ ਤੇਰ੍ਹਵੀਂ ਹੋਈ ਉਦੋਂ ਕਹਿਣ ਸਾਰੇ
ਦੋਸ਼ ਬਦੀ ਦਾ ਲੱਗੇ ਸਰਦਾਰ ਉੱਤੇ
ਚਾਲ ਚਲਨ ਨੂੰ ਰੱਖੀਏ ਸਦਾ ਉੱਚਾ
ਦਾਗ ਲੱਗ ਨਾ ਜਾਵੇ ਕਿਰਦਾਰ ਉੱਤੇ
ਵਾਰ ਵਾਰ ਨਾ ਪਰਖਾਂ ਹੋਣ ਜੱਗ 'ਤੇ
ਵਾਰ ਵਾਰ ਨਹੀਂ ਆਉਣਾ ਸੰਸਾਰ ਉੱਤੇ
ਬੰਦਾ ਕੱਖੋਂ ਵੀ ਹੌਲ਼ਾ ਹੋ ਜਾਵੇ
ਭੀੜ ਅਚਾਨਕ ਬਣੇ ਪਰਿਵਾਰ ਉੱਤੇ
'ਫ਼ੌਜੀਆ' ਦਸਾਂ ਨਹੁੰਆਂ ਦੀ ਕਿਰਤ ਬਾਝੋਂ
'ਗ਼ਲਤ' ਰੱਖਣਾ ਭਰੋਸਾ ਕਰਤਾਰ ਉੱਤੇ।

.ਗਜ਼ਲ

ਕੁਲਦੀਪ ਸਿੰਘ ਰੁਪਾਲ

ਰਾਹ ਬੜਾ ਮੁਸ਼ਕਿਲ ਅਜੇ ਵੀ ਸੋਚ ਲੈ ਚੰਗੀ ਤਰ੍ਹਾਂ,
ਡਰ ਰਿਹਾ ਜੇ ਦਿਲ ਅਜੇ ਵੀ ਸੋਚ ਲੈ ਚੰਗੀ ਤਰ੍ਹਾਂ।
ਦੋ ਕਦਮ ਤੁਰ ਕੇ ਹੀ ਪੁੱਛਦੈਂ, ਵਾਟ ਕਿੰਨੀਂ ਹੈ ਅਜੇ?
ਦੂਰ ਹੈ ਮੰਜ਼ਿਲ ਅਜੇ ਵੀ ਸੋਚ ਲੈ ਚੰਗੀ ਤਰ੍ਹਾਂ।
ਆਖਦੈਂ 'ਖ਼ੁਸ਼ ਹਾਂ ਮੈਂ', ਪਰ ਆਪਣੀਆਂ ਅੱਖਾਂ ਤਾਂ ਦੇਖ,
ਹੋ ਰਹੀ ਝਿਲਮਿਲ, ਅਜੇ ਵੀ ਸੋਚ ਲੈ ਚੰਗੀ ਤਰ੍ਹਾਂ।
ਸਿਦਕ ਦੇ ਰਸਤੇ ਤੋਂ ਦੇਖੀਂ, ਡੋਲ ਜਾਵੀਂ ਨਾ ਕਿਤੇ,
ਕਹਿਣਗੇ ਕਾਤਿਲ 'ਅਜੇ ਵੀ ਸੋਚ ਲੈ ਚੰਗੀ ਤਰ੍ਹਾਂ'।
ਇਸ਼ਕ ਦੇ ਸਾਗਰ 'ਚ ਯਾਰਾ ਬਹੁਤ ਘੁੰਮਣਘੇਰੀਆਂ,
ਪਰ ਨਹੀਂ ਸਾਹਿਲ, ਅਜੇ ਵੀ ਸੋਚ ਲੈ ਚੰਗੀ ਤਰ੍ਹਾਂ।
ਇਹ ਘੜਾ ਕੱਚਾ ਹੈ, ਇਸਨੇ ਪਾਰ ਲਾਉਣਾ ਨਾ ਕਦੇ,
ਕਾਹਲ ਵਿੱਚ ਨਾ ਠਿੱਲ ਅਜੇ ਵੀ ਸੋਚ ਲੈ ਚੰਗੀ ਤਰ੍ਹਾਂ।

****

ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE

ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

2 Locations to Serve you

#4-12818-72 Ave., Surrey, BC
604-591-7611

#8A-31205 Old Yale Rd., Abbotsford, BC
604-504-1761

Expert Advice, Consultation & Representation in all your legal matters

FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in **BC** and **Alberta**
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

Home Improvement

TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $240 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।

ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

604-729-3225

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

604.760.1732, 604.442-1571

ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ	* ਇਲੈਕਟ੍ਰੀਕਲ
* ਡਰਾਈਵਾਲ	* ਪਲਬਿੰਗ
* ਪੇਂਟਿੰਗ	* ਕਾਰਪੈਟ
* ਟਾਈਲਜ਼	* ਰੂਫਿੰਗ ਦਾ ਕੰਮ
* ਲੈਮੀਨੇਟ	* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270

HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।

Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Jagveer: **236-515-4532**

DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*

ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ

15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206

lakhwindersembhi@yahoo.ca

BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor

Sanjeev Dhir

sanjeevkumarsk52@gmail.com

778.320.9413

HOME IMPROVEMENT

A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace

GURJIT
CERTIFIED TECHNICIAN
(24Hrs)

Off: 604-543-6239

#103-12465-82Ave Surrey, BC

A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474

CLASS "A" CERTIFIED & LICENCED ELECTRICIANS

MANJIT

SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? **Get it Done Today!**

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint

SPECIALISTS IN
Maintain+Repair & New Installation
Reasonable Rates
20Yrs Exprienced

*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

Call Raj: 778-229-9261

Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

J&J FRESH LOOK HOMES LTD.

BUILDING
YOUR DREAM
CREATING REALTY

Pacific HOME WARRANTY
2·5·10 Year Warranty

We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM

WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

***Top Quality *Friendly Service * On Time & Free Delivery**

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

FIRST CHOICE FURNITURE LIQUIDATORS

7743-128St Surrey, BC (Opposite to Subway)

ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ

ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ

Foam Mattress

Single $99 Double $129 Queen $149

Matresses

Single $149.00 Double $249.00
Queen $299.00

ਗੌਦਰੇਜ
ਦੀ ਅਲਮਾਰੀ
ਕੀਮਤ
$599.00

Paul Narwal & Patrick 604-503-4457 ਜਾਂ 236-868-1628

ਸੋਫਾ ਫੈਕਟਰੀ

LOWEST PRICES IN TOWN

ਸਟੋਰ ਤੇ ਆ ਕੇ ਵੇਖੋ

Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।

2 PCS SOFA & LOVE SEAT

$1350

ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ

B&B FURNITURE

12732-80TH AVE. SURREY

604.594.6533

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ



Dev Bros

Custom Tailoring

‘ਦੇਵ ਬ੍ਰਦਰਜ’ ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ ‘ਚ

We Specialize In

*Men’s & Women’s Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

Phone:604-880-8434

Shifted to New Location

#117, 1779 Clearbook Road, Abbotsford

PEACE FURNITURE

For The Peace Of Your Mind

ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca
Web:www.peacefurniture.ca